# ਇਬਰਾਨੀਆਂ, ਅਧਿਆਏ ਛੇ 2

…ਉਸ ਦੇ ਅਨਮੋਲ ਬਚਨ ਦਾ ਅਧਿਐਨ ਕਰਨ ਲਈ।

ਮੈਂ ਕੁਝ ਸਮਾਂ ਪਹਿਲਾਂ, ਅੰਦਰ ਆਇਆ, ਅਤੇ ਮੇਰੇ ਕੋਲ ਦੋ ਬਾਈਬਲਾਂ ਸਨ। ਅਤੇ ਇੱਥੇ ਇੱਕ ਔਰਤ ਨਾਲ ਮੇਰੀ ਇੱਕ ਨਿੱਕੀ ਜਿਹੀ ਇੰਟਰਵਿਊ ਸੀ, ਅਤੇ ਮੈਂ ਉਸ ਨੂੰ ਕਿਹਾ ਕਿ ਜੇ ਮੈਂ ਉਨ੍ਹਾਂ ਦੋਵਾਂ ਵਿੱਚੋਂ ਪ੍ਰਚਾਰ ਕਰਦਾ ਹਾਂ, ਤਾਂ ਇੱਕ ਬਹੁਤ ਵਧੀਆ ਪਾਠ ਹੋਣਾ ਚਾਹੀਦਾ ਹੈ। ਪਰ ਇਹ ਇੱਕ ਯੂਨਾਨੀ ਸ਼ਬਦਾਵਲੀ ਹੈ, ਇਸਲਈ ਮੈਂ ਅੱਜ ਰਾਤ, ਇਸ ਵਿੱਚੋਂ ਕੁਝ ਪੜ੍ਹਨਾ ਚਾਹੁੰਦਾ ਹਾਂ। ਇਹ ਇੱਕ—ਇਹ ਇੱਕ…ਇਹ ਸ਼ਬਦ ਤੋਂ ਸ਼ਬਦ ਦਾ ਤਰਜਮਾ ਹੈ, ਮੂਲ ਯੂਨਾਨੀ ਤੋਂ, ਅੰਗਰੇਜ਼ੀ ਵਿੱਚ। ਅਤੇ ਇਹ ਮੇਰੇ ਲਈ ਬਹੁਤ ਮਦਦਗਾਰ ਰਿਹਾ ਹੈ। ਅਤੇ ਮੈਂ ਇਸ ਵਿੱਚੋਂ ਕੁਝ ਪੜ੍ਹਨਾ ਚਾਹੁੰਦਾ ਹਾਂ, ਕਿਉਂਕਿ ਹੁਣ ਅਸੀਂ ਇਬਰਾਨੀਆਂ ਦੀ ਇਸ ਕਿਤਾਬ ਵਿੱਚ ਪੜ੍ਹ ਰਹੇ ਹਾਂ, ਅਤੇ ਅਸੀਂ ਹੁਣ ਅਸਲ ਡੂੰਘੇ ਅਰਥਾਂ ਵੱਲ ਆ ਰਹੇ ਹਾਂ।

219 ਅਤੇ ਮੈਂ ਭਾਈ ਨੇਵਿਲ ਨੂੰ ਦੱਸਿਆ, ਕੁਝ ਮਿੰਟ ਪਹਿਲਾਂ, "ਅਸੀਂ ਉਸ ਹਿੱਸੇ ਵਿੱਚ ਜਾ ਰਹੇ ਹਾਂ ਜਿੱਥੇ ਲੋਕ ਆਪਣਾ ਸਿਰ ਖੁਰਕਦੇ ਹਨ ਅਤੇ ਕਹਿੰਦੇ ਹਨ, 'ਮੈਂ ਇਹ ਨਹੀਂ ਮੰਨਦਾ।'" ਸਮਝੇ? ਇਹ ਉਹ ਕਿਸਮ ਹੈ ਜਿਸ ਵਿੱਚ ਅਸੀਂ ਆ ਰਹੇ ਹਾਂ। ਇਹ ਉਹ ਥਾਂ ਹੈ ਜਿੱਥੇ ਅਸੀਂ ਇਸਨੂੰ ਪਸੰਦ ਕਰਦੇ ਹਾਂ।

220 ਕਿਸੇ ਸੇਵਕ ਨੇ ਮੈਨੂੰ ਕਿਹਾ, ਉਸਨੇ ਕਿਹਾ, "ਖੈਰ, ਮੇਰਾ ਅਨੁਮਾਨ ਹੈ ਕਿ ਬਹੁਤ ਸਾਰਾ ਸਿਰਖੁਰਕਣਾ ਹੋਵੇਗਾ।"

221 ਮੈਂ ਕਿਹਾ, "ਇਹ ਉਹ ਹੈ ਜੋ ਅਸੀਂ ਕਰਨਾ ਚਾਹੁੰਦੇ ਹਾਂ।" ਸਮਝੇ?

222 ਬਾਈਬਲ ਦਾ ਸਿਰਫ਼ ਇੱਕ ਹੀ ਮਤਲਬ ਹੋ ਸਕਦਾ ਹੈ। ਇਸ ਦੇ ਦੋ ਅਰਥ ਨਹੀਂ ਹੋ ਸਕਦੇ। ਅਤੇ ਜੇ ਬਾਈਬਲ ਦਾ ਇੱਕ ਹਿੱਸਾ ਇੱਕ ਗੱਲ ਕਹਿੰਦਾ ਹੈ, ਅਤੇ ਬਾਈਬਲ ਦਾ ਦੂਸਰਾ ਹਿੱਸਾ ਕੁਝ ਹੋਰ ਕਹਿੰਦਾ ਹੈ, ਫਿਰ ਕੁਝ ਗਲਤ ਹੈ। ਸਮਝੇ? ਇਸ ਨੂੰ ਇੱਕੋ ਗੱਲ ਕਹਿਣੀ ਚਾਹੀਦੀ ਹੈ, ਸ਼ੁਰੂ ਤੋਂ ਅੰਤ ਤੀਕ। ਪਰ, ਯਾਦ ਰੱਖੋ, ਬਾਈਬਲ ਦਾ ਅਧਿਐਨ ਕਰਦੇ ਸਮੇਂ, "ਇਹ ਬੁੱਧੀਮਾਨ ਅਤੇ ਸੂਝਵਾਨਾਂ ਦੀਆਂ ਅੱਖਾਂ ਤੋਂ ਲੁਕਿਆ ਹੋਇਆ ਹੈ, ਅਤੇ ਨਿਆਣਿਆਂ ਨੂੰ ਪ੍ਰਗਟ ਕੀਤਾ ਗਿਆ ਹੈ," ਕਿਉਂਕਿ ਇਹ ਇੱਕ ਆਤਮਿਕ ਕਿਤਾਬ ਹੈ।

223 ਅਤੇ ਇਹ ਪੱਛਮੀ ਕਿਤਾਬ ਨਹੀਂ ਹੈ। ਇਹ ਇੱਕ ਪੂਰਬੀ ਕਿਤਾਬ ਹੈ। ਅਤੇ ਇੱਥੇ ਸਿਰਫ਼ ਇੱਕ ਚੀਜ਼ ਹੈ ਜੋ ਇਸਦੀ ਵਿਆਖਿਆ ਕਰ ਸਕਦੀ ਹੈ, ਅਤੇ ਉਹ ਹੈ ਪਵਿੱਤਰ ਆਤਮਾ। ਮੈਂ ਜਾਣਦਾ ਹਾਂ ਕਿ ਸਾਡੇ ਵਿੱਚੋਂ ਹਰ ਕੋਈ

ਇਹ ਕਹਿਣਾ ਚਾਹੁੰਦਾ ਹੈ, ਕਿ, "ਪਵਿੱਤਰ ਆਤਮਾ ਸਾਨੂੰ ਦੱਸ ਰਿਹਾ ਹੈ ਕਿ ਅਸੀਂ ਇਸ ਵਿੱਚ ਕੀ ਵਿਸ਼ਵਾਸ ਕਰਦੇ ਹਾਂ।" ਖੈਰ, ਹੁਣ, ਜੇ ਹਰੇਕ ਲਿਖਤ ਬਿਲਕੁਲ ਇੱਕੋ ਜਿਹੀ ਹੈ, ਤਾਂ ਉਹ ਪਵਿੱਤਰ ਆਤਮਾ ਹੈ। ਜੇ ਇਹ ਮੇਲ ਨਹੀਂ ਖਾਂਦੀਆਂ, ਅਤੇ *ਇੱਥੇ* ਇੱਕ ਦਰਾੜ ਹੈ, ਅਤੇ *ਇੱਥੇ* ਇੱਕ ਦਰਾੜ ਹੈ, ਫਿਰ ਸਾਡੇ ਵਿਸ਼ਵਾਸ ਵਿੱਚ ਕੁਝ ਗਲਤ ਹੈ। ਅਤੇ, ਔਹ, ਇਹ ਇੱਕ ਸ਼ਾਨਦਾਰ ਕਿਤਾਬ ਹੈ।

224 ਹੁਣ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਉਦੋਂ ਕਰੋ ਜਦੋਂ ਅਸੀਂ ਪੜ੍ਹ ਰਹੇ ਹੁੰਦੇ ਹਾਂ। ਹੁਣ, ਸਾਨੂੰ ਵੋਮਿੰਗ ਲਈ ਸਵੇਰੇ ਜਲਦੀ ਰਵਾਨਾ ਹੋਣਾ ਪਵੇਗਾ, ਜੇ ਪ੍ਰਭੂ ਦੀ ਇੱਛਾ ਹੋਈ। ਸਾਡੇ ਲਈ ਪ੍ਰਾਰਥਨਾ ਕਰੋ।

ਅਤੇ ਇਹ ਅਗਲੇ ਹਫ਼ਤੇ, ਭਾਈ ਗ੍ਰਾਹਮ ਸਨੇਲਿੰਗ, ਇੱਥੇ...ਉਹ ਮੌਜੂਦ ਹੈ। ਮੈਂ ਉਸਨੂੰ, ਕੁਝ ਮਿੰਟ ਪਹਿਲਾਂ, ਉਸਦੀ ਘੋਸ਼ਣਾ ਕਰਦਿਆਂ ਸੁਣਿਆ। ਅਤੇ ਇਹ ਚਰਚ ਉਸ ਦੀ ਬੇਦਾਰੀ ਨਾਲ ਪੂਰਾ ਸਹਿਯੋਗ ਕਰ ਰਿਹਾ ਹੈ। ਅਤੇ ਅਸੀਂ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰ ਰਹੇ ਹਾਂ, ਉਸਨੂੰ ਇੱਕ ਬਹੁਤ ਜ਼ਿਆਦਾ, ਭਰਪੂਰ, ਮਹਾਨ ਬੇਦਾਰੀ ਦੇਣ ਲਈ। ਭਾਈ ਗ੍ਰਾਹਮ ਨੇ ਭਾਈ ਲਈ ਬੇਦਾਰੀ ਰੱਖੀ...ਇੱਥੇ ਚਾਰਲਸਟਾਊਨ ਵਿਖੇ, ਭਾਈ ਜੂਨੀਅਰ ਕੈਸ਼, ਅਤੇ ਉੱਥੇ ਪੂਰੇ ਇੱਕ ਸੌ ਪਰਿਵਰਤਿਤ ਹੋਏ ਸਨ, ਮੈਨੂੰ ਵਿਸ਼ਵਾਸ ਹੈ। [ਇੱਕ ਭਾਈ ਕਹਿੰਦਾ ਹੈ, "ਚੁਰਾਸੀ।"—ਸੰਪਾ.] ਚੁਰਾਸੀ ਪਰਿਵਰਤਨ। ਸੋ, ਇਸ ਵਾਸਤੇ, ਅਸੀਂ ਪਰਮੇਸ਼ੁਰ ਨੂੰ ਮਹਿਮਾ ਦਿੰਦੇ ਹਾਂ। ਅਤੇ ਸਾਨੂੰ ਭਰੋਸਾ ਹੈ ਕਿ ਇੱਥੇ ਪੰਜ ਸੌ ਚੁਰਾਸੀ ਹੋਣਗੇ, ਇੱਥੇ ਇਸ ਥਾਂ ਤੇ।

225 ਭਾਈ ਗ੍ਰਾਹਮ ਅੱਜ ਮੈਨੂੰ ਮਿਲੇ ਸਨ, ਅਤੇ ਉਸਨੇ ਕਿਹਾ, "ਹੁਣ, ਭਾਈ ਬਿੱਲ, ਮੈਨੂੰ ਯਕੀਨ ਹੈ ਕਿ ਤੁਸੀਂ ਸਮਝ ਗਏ ਹੋ ਕਿ ਮੈਂ ਡੇਰੇ ਦੇ ਵਿਰੋਧ ਵਿੱਚ ਕੋਈ ਹੋਰ ਕੰਮ ਸ਼ੁਰੂ ਕਰਨ ਲਈ ਇੱਥੇ ਨਹੀਂ ਹਾਂ, ਕਿਉਂਕਿ ਮੈਂ ਡੇਰੇ ਦਾ ਹਿੱਸਾ ਹਾਂ।" ਉਹ ਇੱਥੇ ਹੈ...ਉਹ ਆਪਣੇ ਦਿਲ ਵਿੱਚ ਮਹਿਸੂਸ ਕਰਦਾ ਹੈ ਕਿ ਉਹ ਇੱਕ ਬੇਦਾਰੀ ਕਰਨਾ ਚਾਹੁੰਦਾ ਹੈ, ਅਤੇ ਪ੍ਰਭੂ ਉਸਨੂੰ ਅਜਿਹਾ ਕਰਨ ਲਈ ਅਗਵਾਈ ਕਰ ਰਿਹਾ ਹੈ। ਅਤੇ—ਅਤੇ ਉਹ ਪਰਿਵਰਤਿਤ ਹੋਇਆਂ ਨੂੰ ਸੱਦਾ ਦਿੰਦਾ ਹੈ, ਅਤੇ ਉਸ ਕੋਲ ਇੱਕ ਕਲੀਸਿਯਾ ਹੈ, ਉਹਨਾਂ ਉੱਤੇ ਡੋਲ੍ਹਣ ਲਈ, "ਇੱਥੇ ਇੱਕ ਗਿਰਜਾ ਘਰ ਹੈ, ਜੇਕਰ ਤੁਸੀਂ ਅੰਦਰ ਜਾਂਦੇ ਹੋ, ਪਰਿਵਰਤਿਤ ਹੋ ਜਾਓ।"

226 ਅਤੇ ਇਹ ਸਾਡਾ ਫਰਜ਼ ਹੈ, ਮਸੀਹੀ ਹੋਣ ਦੇ ਨਾਤੇ, ਉਸ ਸਭ ਕੁਝ ਨਾਲ ਉਸ ਦਾ ਸਮਰਥਨ ਕਰੀਏ ਅਸੀਂ ਜੋ ਵੀ ਕਰ ਸਕਦੇ ਹਾਂ। ਅਤੇ ਪ੍ਰਭੂ ਭਾਈ ਗ੍ਰਾਹਮ ਨੂੰ ਅਸੀਸ ਦੇਵੇ। ਅਤੇ ਤੁਹਾਨੂੰ, ਹਰ ਇੱਕ ਨੂੰ, ਇੱਥੇ ਭਾਈ ਗ੍ਰਾਹਮ ਦੀ

ਸਭਾ ਲਈ ਦਿਲੋਂ ਸੱਦਾ ਦਿੱਤਾ ਗਿਆ ਹੈ, ਇਸ ਕਲੀਸਿਯਾ ਤੋਂ ਪੂਰੀ ਇਜਾਜ਼ਤ ਦੇ ਨਾਲ, ਪੂਰੇ ਸਹਿਯੋਗ ਨਾਲ ਉਸ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ, ਗੁਆਚੀਆਂ ਰੂਹਾਂ ਅਤੇ ਪਰਮੇਸ਼ੁਰ ਦੇ ਰਾਜ ਲਈ।

227 ਪ੍ਰਭੂ ਤੁਹਾਨੂੰ ਅਸੀਸ ਦੇਵੇ, ਭਾਈ ਗ੍ਰਾਹਮ, ਤੁਹਾਨੂੰ ਇੱਕ ਮਹਾਨ ਸਭਾ ਦੇਵੇ। ਉਸਨੂੰ ਨਹੀਂ ਪਤਾ ਕਿ ਉਹ ਕਦੋਂ ਸਮਾਪਤ ਕਰੇਗਾ। ਉਹ ਬਸ ਸ਼ੁਰੂ ਕਰ ਰਿਹਾ ਹੈ। ਅਤੇ ਇਸ ਲਈ, ਭਾਈ ਗ੍ਰਾਹਮ ਕੋਲ ਮੇਰੇ ਵਾਂਗ, ਬਹੁਤ ਸਾਰੇ *ਉਤਰਾਅ* ਅਤੇ *ਚੜ੍ਹਾਅ* ਸਨ। ਜ਼ਿੰਦਗੀ ਇਸੇ ਤਰ੍ਹਾਂ ਚਲਦੀ ਹੈ। ਇਹ ਤੁਹਾਡੇ ਤੋਂ *ਚੜ੍ਹਾਅ* ਦੀ ਕਦਰ ਕਰਾਉਂਦਾ ਹੈ ਜਦੋਂ ਤੁਸੀਂ *ਉਤਰਾਅ* ਵਿੱਚੋਂ ਲੰਘਦੇ ਹੋ। ਜੇ ਕੋਈ ਆਦਮੀ ਡਿੱਗਦਾ ਹੈ ਅਤੇ ਉੱਥੇ ਹੀ ਪਿਆ ਰਹਿੰਦਾ ਹੈ, ਤਾਂ ਉਹ ਕਾਇਰ ਹੈ। ਮੇਰੇ ਕੋਲ ਉਮੀਦ ਹੈ ਜਦੋਂ ਇੱਕ ਆਦਮੀ ਉੱਠਦਾ ਹੈ ਅਤੇ ਦੁਬਾਰਾ ਕੋਸ਼ਿਸ਼ ਕਰਦਾ ਹੈ। ਇਹ ਠੀਕ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਮੇਰਾ ਮਤਲਬ ਸਮਝ ਸਕਦੇ ਹੋ। ਹੁਣ, ਇਸ ਨੂੰ ਨਾ ਭੁੱਲਣਾ, ਇਸ ਆਉਣ ਵਾਲੇ ਹਫ਼ਤੇ।

228 ਹੁਣ, ਇਬਰਾਨੀਆਂ ਦੀ ਇਸ ਕਿਤਾਬ ਵਿੱਚ, ਅਸੀਂ ਅੱਜ ਰਾਤ ਨੂੰ ਪਿਛੋਕੜ ਨਹੀਂ ਲਵਾਂਗੇ।

229 ਹੁਣ, ਅਗਲੇ ਐਤਵਾਰ, ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਭਾਈ ਨੇਵਿਲ ਐਲਾਨ ਕਰਣਗੇ। ਇੱਥੇ ਭਾਈ ਕੌਕਸ, ਜਾਂ ਉਨ੍ਹਾਂ ਵਿੱਚੋਂ ਕੋਈ, ਉਸਨੂੰ ਦੱਸ ਦੇਵੇਗਾ, ਜੇ ਅਸੀਂ ਅਗਲੇ ਐਤਵਾਰ ਦੀ ਸਭਾ ਲਈ ਸਮੇਂ ਸਿਰ ਪਹੁੰਚਦੇ ਹਾਂ। ਉਹ ਰੇਡੀਓ ਤੇ ਇਸ ਦਾ ਐਲਾਨ ਕਰੇਗਾ। ਅਤੇ ਅਸੀਂ ਹਾਂ...ਤੁਸੀਂ ਸਾਰੇ ਹੁਣ ਉਸਦਾ ਰੇਡੀਓ ਸੁਣੋ, ਅਤੇ—ਅਤੇ—ਅਤੇ ਆਪਣੇ ਸਾਰੇ ਗੁਆਂਢੀਆਂ ਨੂੰ ਸੁਣਨ ਲਈ ਸੱਦਾ ਦਿਓ। ਮੈਨੂੰ ਸੱਚਮੁੱਚ ਉਨ੍ਹਾਂ ਦੇ ਪ੍ਰਚਾਰ ਅਤੇ ਗਾਉਣ ਨੂੰ ਸੁਣ ਕੇ ਖੁਸ਼ੀ ਮਿਲਦੀ ਹੈ, ਨੇਵਿਲ ਜੁਗਲਬੰਦੀ। ਮੈਂ ਇਸ ਲਈ ਨਹੀਂ ਕਹਿੰਦਾ ਕਿਉਂਕਿ ਉਹ ਇੱਥੇ ਬੈਠੇ ਹੋਏ ਹਨ। ਜੇ ਮੈਂ ਇਹ ਕਿਹਾ, ਅਤੇ ਆਪਣੇ ਦਿਲ ਤੋਂ ਨਹੀਂ ਕਹਿੰਦਾ, ਤਾਂ ਮੈਂ ਇੱਕ ਪਖੰਡੀ ਹੋਵਾਂਗਾ। ਇਹ ਠੀਕ ਹੈ। ਮੈਨੂੰ ਤੋਬਾ ਕਰਨੀ ਪਵੇਗੀ। ਪਰ ਮੇਰਾ ਇਹੀ ਮਤਲਬ ਹੈ। ਅਤੇ ਮੈਂ ਉਸ ਦੇ ਚਲੇ ਜਾਣ ਤੋਂ ਬਾਅਦ ਫੁੱਲਾਂ ਦਾ ਪੂਰਾ ਹਾਰ ਦੇਣ ਦੀ ਬਜਾਏ ਹੁਣ ਉਸ ਨੂੰ ਹੁਣੇ ਇੱਕ ਛੋਟੀ ਜਿਹੀ ਗੁਲਾਬ ਦੀ ਕਲੀ ਦੇਣਾ ਪਸੰਦ ਕਰਾਂਗਾ।

230 ਇੱਕ ਵਾਰ ਮੈਂ ਉੱਥੇ ਦਰਵਾਜ਼ੇ ਤੋਂ ਬਾਹਰ ਨਿਕਲ ਰਿਹਾ ਸੀ, ਅਤੇ ਇੱਕ ਔਰਤ ਕੋਲ ਆਈ, ਅਤੇ ਉਸਨੇ ਕਿਹਾ, "ਭਾਈ ਬ੍ਰਨਹਾਮ, ਔਹ, ਮੈਨੂੰ ਉਸ ਸੰਦੇਸ਼ ਤੋਂ ਕਿੰਨਾ ਅਨੰਦ ਆਇਆ!"

231 ਮੈਂ ਕਿਹਾ, "ਤੁਹਾਡਾ ਧੰਨਵਾਦ।" ਮੈਨੂੰ ਚੰਗਾ ਮਹਿਸੂਸ ਹੋਇਆ।

232 ਕਿਸੇ ਹੋਰ ਨੇ ਆ ਕੇ, ਕਿਹਾ, "ਭਾਈ ਬ੍ਰਨਹਾਮ, ਮੈਂ ਉਸ ਸੰਦੇਸ਼ ਦਾ ਆਨੰਦ ਮਾਣਿਆ ਹੈ।"

233 ਮੈਂ ਕਿਹਾ, "ਤੁਹਾਡਾ ਧੰਨਵਾਦ।"

234 ਉੱਥੇ ਇੱਕ ਛੋਟਾ ਜਿਹਾ ਪ੍ਰਚਾਰਕ ਸੀ, ਇੱਥੋਂ ਦੇਸ਼ ਦੇ ਉੱਤਰੀ ਹਿੱਸੇ ਵਿੱਚ, ਰਾਜ ਵਿੱਚ, ਉਸ ਨੇ ਕਿਹਾ, "ਪਰਮੇਸ਼ੁਰ ਮੁਬਾਰਕ ਹੋਵੇ, ਮੈਂ ਨਹੀਂ ਚਾਹੁੰਦਾ ਕਿ ਲੋਕ ਮੇਰੇ ਤੇ ਇਸ ਤਰ੍ਹਾਂ ਸ਼ੇਖੀ ਮਾਰਨ।"

235 ਮੈਂ ਕਿਹਾ, "ਮੈਂ ਚਾਹੁੰਦਾ ਹਾਂ।" ਅਤੇ ਮੈਂ ਕਿਹਾ, "ਮੇਰੇ ਅਤੇ ਤੁਹਾਡੇ ਵਿੱਚ ਬਸ ਇੱਕ ਫਰਕ ਹੈ। ਮੈਂ ਇਸ ਬਾਰੇ ਇਮਾਨਦਾਰ ਹਾਂ।" ਇਹ ਠੀਕ ਹੈ। ਅਸੀਂ ਸਾਰੇ ਆਪਣੇ ਬਾਰੇ ਕਹੇ ਗਏ ਚੰਗੇ ਸ਼ਬਦ ਸੁਣਨਾ ਪਸੰਦ ਕਰਦੇ ਹਾਂ। ਅਤੇ ਮੈਨੂੰ—ਮੈਨੂੰ ਲਗਦਾ ਹੈ ਕਿ ਇਸ ਬਾਰੇ ਚੰਗੇ ਸ਼ਬਦ ਕਹਿਣਾ ਚੰਗੀ ਗੱਲ ਹੈ। ਅਤੇ ਜੇ ਤੁਸੀਂ ਚਾਹੁੰਦੇ ਹੋ ਕਿ ਕੋਈ ਤੁਹਾਡੇ ਬਾਰੇ ਚੰਗੇ ਸ਼ਬਦ ਕਹੇ, ਤਾਂ ਕਿਸੇ ਹੋਰ ਬਾਰੇ ਕੁਝ ਚੰਗੇ ਸ਼ਬਦ ਕਹੋ। ਅਜਿਹਾ ਕਰਨ ਦਾ ਇਹ ਤਰੀਕਾ ਹੈ, ਫਿਰ ਤੁਸੀਂ ਹਮੇਸ਼ਾਂ ਸਭ ਤੋਂ ਵਧੀਆ ਗੱਲਾਂ ਕਹੋਗੇ ਜੋ ਤੁਸੀਂ ਹਰ ਕਿਸੇ ਬਾਰੇ ਕਰ ਸਕਦੇ ਹੋ। ਅਤੇ ਇਹ ਪਹੀਏ ਨੂੰ ਬਿਹਤਰ ਚਲਾਉਂਦਾ ਹੈ।

236 ਹੁਣ, ਇਸ, ਅਗਲੇ ਐਤਵਾਰ ਵਿੱਚ, ਜੇ ਪ੍ਰਭੂ ਦੀ ਇੱਛਾ ਹੋਵੇਗੀ, ਮੇਰੇ ਵਿਚਾਰ ਅਨੁਸਾਰ, ਅਸੀਂ, ਪਰਮੇਸ਼ੁਰ ਦੇ ਇਹਨਾਂ ਮਹਾਨ ਭੇਤਾਂ ਵਿੱਚ ਡੂੰਘੇ ਅਤੇ ਡੂੰਘੇ ਜਾ ਰਹੇ ਹਾਂ। ਅਸੀਂ ਮਲਕੀਸਿਦਕ ਵਿੱਚ ਜਾ ਰਹੇ ਹਾਂ: ਉਹ ਕੌਣ ਸੀ, ਉਹ ਕਿੱਥੋਂ ਆਇਆ ਸੀ, ਉਹ ਕਿੱਥੇ ਗਿਆ, ਉਸ ਨਾਲ ਕੀ ਹੋਇਆ, ਅਤੇ ਮਲਕੀਸਿਦਕ ਬਾਰੇ ਸਭ ਕੁਝ।

237 ਅਤੇ ਹੁਣ, ਪਿਛਲੇ ਬੁੱਧਵਾਰ ਦੀ ਰਾਤ, ਭਾਈ ਨੇਵਿਲ ਨੇ ਸਾਡੇ ਪ੍ਰਭੂ ਯਿਸੂ ਦੀ ਪਰਮ ਦੈਵਿਕਤਾ ਅਤੇ ਜਾਜਕਾਈ ਦੇ ਅੰਤਮ ਅਧਿਆਇ ਤੇ ਗੱਲ ਕੀਤੀ, ਜੋ ਆਦ ਵਿੱਚ ਸ਼ੁਰੂ ਹੁੰਦਾ ਹੈ, "ਪਰਮੇਸ਼ੁਰ ਨੇ, ਵੱਖੋ-ਵੱਖਰੇ ਸਮਿਆਂ ਅਤੇ ਕਈ ਤਰੀਕਿਆਂ ਨਾਲ ਨਬੀਆਂ ਦੁਆਰਾ ਪੁਰਖਿਆਂ ਨਾਲ ਗੱਲ ਕੀਤੀ, ਇਸ ਆਖਰੀ ਦਿਨ ਵਿੱਚ ਆਪਣੇ ਪੁੱਤਰ, ਮਸੀਹ ਯਿਸੂ ਦੁਆਰਾ ਸਾਡੇ ਨਾਲ ਬੋਲਿਆ ਹੈ।"

238 ਫਿਰ ਉਹ ਅੱਗੇ ਵਧਦਾ ਹੈ, ਅਤੇ ਦੱਸਣਾ ਅਤੇ ਨਮੂਨਾ ਦੇਣਾ ਸ਼ੁਰੂ ਕਰਦਾ ਹੈ ਕਿ ਉਹ ਕੌਣ ਸੀ, ਉਸ ਨੂੰ 5ਵੇਂ ਅਧਿਆਇ ਤਕ ਲੈ ਆਉਂਦਾ ਹੈ, 5ਵੇਂ ਅਧਿਆਇ ਦੇ ਅੰਤ ਤੀਕ।

239 ਫਿਰ 6ਵੇਂ ਅਧਿਆਏ ਤੋਂ ਸ਼ੁਰੂ ਕਰਦੇ ਹੋਏ, ਅਸੀਂ ਅੱਜ ਸਵੇਰੇ ਆਪਣੇ ਪਾਠ ਵਿੱਚ ਇਸ ਨੂੰ ਲਿਆ।

*ਇਸ ਕਾਰਨ ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ, ਸੰਪੂਰਣਤਾ ਦੀ ਵੱਲ ਅਗਾਹਾਂ ਵਧਦੇ ਜਾਈਏ;...*

240 ਕਿੰਨੇ ਲੋਕਾਂ ਨੇ ਸੰਪੂਰਨਤਾ ਤੇ ਸੰਦੇਸ਼ ਦਾ ਆਨੰਦ ਮਾਣਿਆ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] "ਆਓ ਸੰਪੂਰਨਤਾ ਵੱਲ ਵਧੀਏ।" ਇਹ ਸਾਡਾ ਸੰਦੇਸ਼ ਸੀ, ਅੱਜ ਸਵੇਰੇ, ਇਬਰਾਨੀਆਂ ਦੇ 6ਵੇਂ ਅਧਿਆਇ ਵਿੱਚ।

241 ਹੁਣ ਅਸੀਂ ਬਸ ਉਸ ਥਾਂ ਤੇ ਪਹੁੰਚ ਰਹੇ ਹਾਂ ਜਿੱਥੇ ਅਸੀਂ ਅਸਲ ਹਿੱਸਾ ਪ੍ਰਾਪਤ ਕਰਨਾ ਸ਼ੁਰੂ ਕਰਦੇ ਹਾਂ। ਔਹ, ਅਸੀਂ ਸਾਰੇ ਇਹਨਾਂ ਗੱਲਾਂ ਤੇ ਸਹਿਮਤ ਹੋ ਸਕਦੇ ਹਾਂ: ਮਸੀਹ ਦੇ ਪਰਮੇਸ਼ੁਰਤਾਈ ਤੇ; ਅਤੇ ਉਹ ਪਰਮੇਸ਼ੁਰ ਦਾ ਪੁੱਤਰ ਹੈ; ਅਤੇ ਉਹ ਕਿਵੇਂ ਪਰਮੇਸ਼ੁਰ ਦੇ ਨਾਲ ਸੀ, ਅਤੇ ਪਰਮੇਸ਼ੁਰ ਉਸਦੇ ਨਾਲ ਸੀ; ਅਤੇ ਉਹ ਪਰਮੇਸ਼ੁਰ ਵਿੱਚ ਸੀ, ਅਤੇ ਪਰਮੇਸ਼ੁਰ ਉਸ ਵਿੱਚ, ਅਤੇ ਇਸ ਤਰ੍ਹਾਂ। ਅਸੀਂ ਸਾਰੇ ਇਸ ਨਾਲ ਸਹਿਮਤ ਹਾਂ। ਪਰ, ਹੁਣ, ਇੱਥੋਂ, ਮੈਨੂੰ ਨਹੀਂ ਪਤਾ ਕਿ ਅਸੀਂ ਕਿਵੇਂ ਸਹਿਮਤ ਹੋਵਾਂਗੇ। ਇਸ ਲਈ ਜੋ ਵੀ ਹੈ, ਹਰੇਕ ਕੁਝ ਰਾਤਾਂ ਵਿੱਚ, ਅਸੀਂ ਤੁਹਾਨੂੰ ਇੱਕ ਛੋਟਾ ਜਿਹਾ ਨੋਟ ਲਿਖਣ ਅਤੇ ਮੈਨੂੰ ਦੱਸਣ ਦਾ ਮੌਕਾ ਦੇਣ ਜਾ ਰਹੇ ਹਾਂ ਕਿ ਤੁਸੀਂ ਇਸ ਬਾਰੇ ਕੀ ਸੋਚਦੇ ਹੋ।

242 ਫਿਰ ਮੈਨੂੰ ਸਵਾਲਾਂ ਦੇ ਜਵਾਬ ਦੇਣੇ ਪੈਣਗੇ। ਅਤੇ ਜੇ ਮੈਂ ਉਹਨਾਂ ਨੂੰ ਨਹੀਂ ਲੈ ਸਕਿਆ, ਤਾਂ ਮੈਂ ਕਹਾਂਗਾ, "ਭਾਈ ਨੇਵਿਲ, ਤੁਸੀਂ ਇਸ ਬਾਰੇ ਕੀ ਸੋਚਦੇ ਹੋ?" ਮੈਂ ਕਹਾਂਗਾ, "ਉਥੇ ਉਹ ਹੈ। ਉਸਨੂੰ ਇਸਦਾ ਜਵਾਬ ਦੇਣ ਦਿਓ।" [ਭਾਈ ਨੇਵਿਲ ਕਹਿੰਦਾ ਹੈ, "ਮੈਂ ਉਦੋਂ ਯੂਨਾਨੀ ਪੜ੍ਹਨ ਲੱਗ ਜਾਵਾਂਗਾ।"—ਸੰਪਾ.] ਫਿਰ ਉਦੋਂ ਉਹ ਸ਼ਬਦਕੋਸ਼ ਪੜ੍ਹੇਗਾ, ਯੂਨਾਨੀ ਅਰਥ ਨੂੰ ਬਾਹਰ ਕੱਢੇਗਾ। ਮੈਨੂੰ ਲਗਦਾ ਹੈ ਕਿ ਸਮਾਂ ਹੈ ਕਿ ਮੈਂ ਵੀ ਇਹ ਕਰਾਂ।

243 ਪਰ, ਹੁਣ, ਜੇਕਰ ਅਸੀਂ ਹੇਠਾਂ ਉਤਰਾਂਗੇ ਅਤੇ ਅਸਲ ਇਮਾਨਦਾਰ ਹੋਵਾਂਗੇ, ਅਤੇ ਸੱਚਮੁੱਚ ਇੱਕ ਮਕਸਦ ਲਈ ਆਏ ਹਾਂ, ਉਹ ਹੈ, ਸਿੱਖਣ ਲਈ। ਮੈਂ ਵੀ, ਸਿੱਖਣਾ ਚਾਹੁੰਦਾ ਹਾਂ। ਅਤੇ ਬਾਈਬਲ ਵਿੱਚ ਲਿਖਿਆ ਹੈ, ਕਿਹਾ ਹੈ, "ਇਹ ਹੈ...ਲਿਖਤਾਂ ਕਿਸੇ ਨਿੱਜੀ ਅਨੁਵਾਦ ਦੀਆਂ ਮੁਹਤਾਜ ਨਹੀਂ ਹਨ।" ਇਸਦਾ ਮਤਲਬ ਹੈ ਕਿ ਲਿਖਤ ਨੂੰ ਲਿਖਤ ਦੀ ਵਿਆਖਿਆ ਕਰਨੀ ਚਾਹੀਦੀ ਹੈ। ਸਮਝੇ? ਹਰੇਕ ਲਿਖਤ ਨੂੰ ਦੂਜੀ ਦੀ ਵਿਆਖਿਆ ਕਰਨੀ ਚਾਹੀਦੀ ਹੈ, ਸਾਰੀ ਬਾਈਬਲ ਵਿੱਚ, ਇਸ ਨੂੰ ਇੱਕ ਮਹਾਨ ਚੀਜ ਬਣਾਉਣ ਲਈ। ਕਿਉਂਕਿ, ਪਰਮੇਸ਼ੁਰ ਬਦਲ ਨਹੀਂ ਸਕਦਾ, ਕਿਉਂਕਿ ਉਹ ਅਟੱਲ ਪਰਮੇਸ਼ੁਰ ਹੈ।

244 ਹੁਣ, "ਛੱਡ ਕੇ..."

*ਇਸ ਕਾਰਨ ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ, ਸਿਆਣਪੁਣੇ ਦੀ ਵੱਲ ਅਗਾਹਾਂ ਵਧਦੇ ਜਾਈਏ;...*

245 ਅਜਿਹੀਆਂ ਗੱਲਾਂ ਕਰਦਾ ਹੋਇਆ ਪੌਲੁਸ ਮੈਨੂੰ ਚੰਗਾ ਲੱਗਦਾ ਹੈ। ਪੌਲੁਸ ਕਦੇ ਵੀ ਅਜਿਹਾ ਵਿਅਕਤੀ ਨਹੀਂ ਸੀ ਜੋ ਇਕ ਜਗ੍ਹਾ ਤੇ ਜ਼ਿਆਦਾ ਸਮਾਂ ਰਹਿਣਾ ਪਸੰਦ ਕਰਦਾ ਸੀ। ਉਸ ਅੱਗੇ ਵਧਣਾ ਪਸੰਦ ਕਰਦਾ ਸੀ, ਡੂੰਘਾਈ ਵਿੱਚ। ਇੱਕ ਵਾਰ, ਪੋਥੀ ਵਿੱਚ, ਉਸਨੇ ਕਿਹਾ, "ਮੈਂ, ਪਿਛਲੀਆਂ ਗੱਲਾਂ ਨੂੰ ਭੁਲਾ ਕੇ ਜੋ ਬੀਤੇ ਸਮੇਂ ਦੀਆਂ ਹਨ, ਉਨ੍ਹਾਂ ਗੱਲਾਂ ਲਈ ਅਗਾਹਾਂ ਵੱਧਦਾ ਹਾਂ ਜਿਹੜੀਆਂ ਅੱਗੇ ਹਨ।" ਵੇਖਿਆ? ਉਹ ਅੱਗੇ ਵੱਧਦਾ ਜਾਂਦਾ ਹੈ।

246 ਇੱਥੇ ਉਸਨੇ ਕਿਹਾ:

> ਹੁਣ ਅਸੀਂ *ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ* (ਉਹ ਕੌਣ ਸੀ, ਉਹ ਕੀ ਸੀ) ਸਿਆਣਪੁਣੇ *ਦੀ* ਵੱਲ *ਅਗਾਹਾਂ ਵਧਦੇ ਜਾਈਏ*;...

247 ਹੁਣ ਅਸੀਂ, ਪਹਿਲਾਂ, ਅਸੀਂ ਇਹ ਪਤਾ ਲਗਾਉਣਾ ਚਾਹੁੰਦੇ ਸੀ, "ਕੀ ਅਸੀਂ *ਸੰਪੂਰਨ* ਹੋ ਸਕਦੇ ਹਾਂ?" ਅਤੇ ਸਾਨੂੰ ਪਤਾ ਲੱਗਾ, ਅੱਜ ਸਵੇਰੇ ਲਿਖਤਾਂ ਵਿੱਚ, ਮੱਤੀ 5:28, ਯਿਸੂ ਨੇ ਕਿਹਾ ਕਿ ਸਾਨੂੰ "ਪਰਮੇਸ਼ੁਰ ਜਿੰਨਾ ਸੰਪੂਰਨ ਹੋਣਾ ਹੈ," ਜਾਂ ਅਸੀਂ ਅੰਦਰ ਨਹੀਂ ਜਾਵਾਂਗੇ।

248 ਫਿਰ ਸਾਨੂੰ ਪਤਾ ਲੱਗਾ ਕਿ ਅਸੀਂ, ਹਰ ਇੱਕ, "ਪਾਪ ਵਿੱਚ ਜਨਮਿਆ, ਬਦੀ ਵਿੱਚ ਰਚਿਆ ਗਿਆ, ਝੂਠ ਬੋਲਦਾ ਹੋਇਆ ਸੰਸਾਰ ਵਿੱਚ ਆਇਆ।" ਅਤੇ ਸਾਡੇ ਬਾਰੇ ਇੱਕ ਵੀ ਚੰਗੀ ਗੱਲ ਨਹੀਂ ਸੀ, ਤਾਂ ਅਸੀਂ ਕਿਵੇਂ ਸੰਪੂਰਨ ਹੋ ਸਕਦੇ ਹਾਂ?

249 ਹੁਣ ਇੱਥੇ ਉਹ ਹੈ ਜੋ ਸਾਨੂੰ ਫਿਰ ਪਤਾ ਲੱਗਦਾ ਹੈ, ਉੱਪਰ, ਪੜ੍ਹਨਾ, ਲਿਖਤ ਨੂੰ ਲਿਖਤ ਦੇ ਨਾਲ ਲੈਣਾ, ਕਿ, "ਯਿਸੂ, ਨੇ ਇੱਕੋ ਭੇਟ ਨਾਲ, ਸੰਪੂਰਨ ਕੀਤਾ ਹੈ, ਸਦਾ ਲਈ, ਉਸਦੀ ਕਲੀਸਿਯਾ ਨੂੰ।" ਉਹ...ਫਿਰ ਅਸੀਂ ਮਸੀਹ ਦੁਆਰਾ, ਸੰਪੂਰਨ ਹਾਂ। ਅਤੇ ਅਸੀਂ ਮਸੀਹ ਦੁਆਰਾ, ਨਿਆਂ ਤੋਂ ਮੁਕਤ ਹਾਂ। ਅਸੀਂ ਮਸੀਹ ਦੁਆਰਾ, ਕਦੇ ਨਹੀਂ ਮਰਾਂਗੇ। ਅਸੀਂ ਮੌਤ ਨੂੰ ਗੁਆ ਲਿਆ ਹੈ ਅਤੇ ਮਸੀਹ ਦੁਆਰਾ, ਜੀਵਨ ਪਾਇਆ ਹੈ; ਕਿਸੇ ਕਲੀਸਿਯਾ ਦੁਆਰਾ ਨਹੀਂ, ਕਿਸੇ ਸੰਪਰਦਾ ਦੁਆਰਾ ਨਹੀਂ, ਕਿਸੇ ਸ਼ਾਨਦਾਰ ਦੁਆਰਾ ਨਹੀਂ, ਪਰਾਈਆਂ ਬੋਲੀਆਂ ਨਾਲ ਬੋਲਣ ਦੁਆਰਾ ਨਹੀਂ, ਚੀਕਣ ਦੁਆਰਾ ਨਹੀਂ, ਹਿੱਲਣ ਦੁਆਰਾ ਨਹੀਂ, ਆਤਮਾ ਵਿੱਚ ਨੱਚਣ ਦੁਆਰਾ ਨਹੀਂ, ਪਰ ਕਿਰਪਾ ਦੁਆਰਾ।

250 ਪਰਮੇਸ਼ੁਰ ਜਿਸ ਨੂੰ ਚਾਹੁੰਦਾ ਹੈ ਉਸਨੂੰ ਬੁਲਾਉਂਦਾ ਹੈ। ਅਤੇ ਇਹ ਸਭ ਚੋਣ ਦੁਆਰਾ ਹੈ, ਸਾਨੂੰ ਪਤਾ ਲੱਗਾ ਹੈ। ਸਾਨੂੰ ਪਤਾ ਚਲਦਾ ਹੈ, ਕਿ, "ਇਹ ਉਹ ਨਹੀਂ ਹੈ ਜੋ ਬਚਣਾ ਚਾਹੁੰਦਾ ਹੈ। ਉਹ ਨਹੀਂ ਜੋ ਚਾਹੁੰਦਾ ਹੈ ਜਾਂ ਉਹ ਜੋ ਦੌੜਦਾ ਹੈ; ਇਹ ਤਾਂ ਉਹ ਹੈ ਜਿਸ ਤੇ ਪਰਮੇਸ਼ੁਰ ਦਇਆ ਕਰਦਾ ਹੈ।" "ਅਤੇ

ਕੋਈ ਵੀ ਮਨੁੱਖ ਯਿਸੂ ਕੋਲ ਨਹੀਂ ਆ ਸਕਦਾ ਹੈ, ਜੇਕਰ ਪਹਿਲਾਂ, ਪਰਮੇਸ਼ੁਰ ਉਸਨੂੰ ਨਾ ਬੁਲਾਵੇ।” ਤਾਂ ਤੁਸੀਂ ਇਸ ਨਾਲ ਕੀ ਕਰਨਾ ਹੈ, ਕਿਸੇ ਵੀ ਤਰ੍ਹਾਂ? ਤੁਹਾਨੂੰ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਤੁਸੀਂ ਪੂਰੀ ਤਰ੍ਹਾਂ, ਤਸਵੀਰ ਤੋਂ ਬਾਹਰ ਹੋ।

251 ਸਾਨੂੰ ਪਤਾ ਲੱਗਾ ਹੈ ਕਿ ਮਨੁੱਖ ਕਦੇ ਵੀ ਪਰਮੇਸ਼ੁਰ ਦੀ ਭਾਲ ਨਹੀਂ ਕਰਦਾ। ਇਹ ਤਾਂ ਪਰਮੇਸ਼ੁਰ ਹੈ ਜੋ ਮਨੁੱਖ ਦੀ ਭਾਲ ਕਰਦਾ ਹੈ। ਅਤੇ ਸਾਨੂੰ ਪਤਾ ਲੱਗਾ, ਫਿਰ, ਕਿ ਸਦੀਪਕ ਜੀਵਨ ਦਾ ਇੱਕੋ ਇੱਕ ਸਰੋਤ ਪਰਮੇਸ਼ੁਰ ਹੀ ਹੈ। ਸਾਨੂੰ ਪਤਾ ਲੱਗਾ ਹੈ ਕਿ ਹਰ ਚੀਜ਼ ਜੋ ਸਦੀਪਕ ਹੈ ਉਸ ਦੀ ਕੋਈ ਸ਼ੁਰੂਆਤ ਜਾਂ ਅੰਤ ਨਹੀਂ ਹੈ। ਇਸ ਲਈ, ਸਾਨੂੰ ਪਤਾ ਲੱਗਦਾ ਹੈ ਕਿ ਨਰਕ ਦੀ ਸ਼ੁਰੂਆਤ ਸੀ, ਅਤੇ ਇਸਦਾ ਅੰਤ ਹੈ। ਅਤੇ ਉੱਥੇ ਸਿਰਫ…ਕੋਈ ਵੀ ਕਦੇ ਇਹ ਨਹੀਂ ਕਹਿ ਸਕਦਾ ਕਿ ਨਰਕ ਸਦਾ ਲਈ ਹੈ; ਸਦਾ ਲਈ, ਹਾਂ, ਸਦਾ ਲਈ, ਪਰ ਸਦੀਪਕ ਕਾਲ ਲਈ ਨਹੀਂ।

252 *ਸਦਾ ਲਈ* “ਸਮੇਂ ਦਾ ਇੱਕ ਸਥਾਨ” ਹੈ। ਬਾਈਬਲ ਕਹਿੰਦੀ ਹੈ, “ਸਦਾ ਅਤੇ ਸਦਾ ਲਈ।” ਅਤੇ ਤੁਸੀਂ ਇਸ ਨੂੰ ਦੇਖੋ ਅਤੇ ਇਹ ਪਤਾ ਲਗਾਓ ਕਿ ਕੀ *ਸਦਾ ਲਈ* ਦਾ ਮਤਲਬ “ਸਮੇਂ ਦਾ ਇੱਕ ਸਥਾਨ” ਨਹੀਂ ਹੈ। ਯੂਨਾਹ ਨੇ ਕਿਹਾ ਕਿ ਉਹ ਮੱਛੀ ਦੇ ਢਿੱਡ ਵਿੱਚ ਸੀ “ਸਦਾ ਲਈ।” ਅਤੇ ਹੋਰ ਬਹੁਤ ਸਾਰੀਆਂ ਲਿਖਤਾਂ, *ਸਦਾ ਲਈ* ਦਾ ਮਤਲਬ ਸਿਰਫ਼ “ਸਮੇਂ ਦਾ ਇੱਕ ਸਥਾਨ” ਹੈ।

253 ਪਰ, *ਸਦੀਪਕ*, ਇਹ ਹੈ “ਸਦਾ ਲਈ”; ਜੋ ਕਿ ਸਦਾ ਲਈ ਅਤੇ ਸਦਾ ਲਈ ਅਤੇ ਸਦਾ ਲਈ ਅਤੇ ਸਦਾ ਲਈ ਅਤੇ ਸਦਾ ਲਈ ਹੈ। ਇਹ ਸਦੀਪਕ ਹੈ। ਅਤੇ ਸਾਨੂੰ ਪਤਾ ਚਲਦਾ ਹੈ ਕਿ ਨਰਕ ਸਦੀਪਕ ਨਹੀਂ ਹੈ, ਪਰ ਇਹ ਸਦਾ ਲਈ ਹੈ। ਅਤੇ ਇਸ ਕਾਰਨ, ਤੁਹਾਨੂੰ ਹੁਣ ਉਹਨਾਂ ਸ਼ਬਦਾਂ ਤੇ ਧਿਆਨ ਦੇਣਾ ਪਏਗਾ। ਜੇ ਤੁਸੀਂ ਨਹੀਂ ਦਿੰਦੇ, ਤਾਂ ਤੁਸੀਂ ਗੜਬੜ ਕਰ ਦਿਓਗੇ। ਹੁਣ, ਯਾਦ ਰੱਖੋ, ਸਿਰਫ਼ ਉਹੀ ਚੀਜ਼ਾਂ ਜਿਨ੍ਹਾਂ ਦੀ ਕੋਈ ਸ਼ੁਰੂਆਤ ਨਹੀਂ ਸੀ, ਉਹਨਾਂ ਦਾ ਕੋਈ ਅੰਤ ਨਹੀਂ ਹੈ। ਇਸ ਲਈ, ਯਿਸੂ ਨੇ ਕਿਹਾ, “ਜਿਹੜਾ ਮੇਰੇ ਬਚਨਾਂ ਨੂੰ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਜੀਵਨ ਹੈ।” ਸਦਾ ਲਈ? ਕੀ ਇਹ ਸਹੀ ਲੱਗ ਰਿਹਾ ਹੈ? ਨਹੀਂ। “ਸਦੀਪਕ ਜੀਵਨ ਹੈ।” ਅਤੇ *ਸਦੀਪਕ* ਵਚਨ ਹੀ “ਪਰਮੇਸ਼ੁਰ” ਹੈ, ਇਹ ਇੱਥੇ ਯੂਨਾਨੀ ਸ਼ਬਦਕੋਸ਼ ਵਿੱਚ ਹੈ: ਜ਼ੋਏ, “ਪਰਮੇਸ਼ੁਰ ਦਾ ਜੀਵਨ” ਤੁਹਾਡੇ ਵਿੱਚ। ਅਤੇ ਤੁਸੀਂ ਓਨੇ ਹੀ ਸਦੀਪਕ ਹੋ ਜਿੰਨਾਂ ਪਰਮੇਸ਼ੁਰ ਸਦੀਪਕ ਹੈ, ਕਿਉਂਕਿ ਪਰਮੇਸ਼ੁਰ ਤੁਹਾਡੇ ਵਿੱਚ ਹੈ।

254 ਤੁਹਾਡਾ ਪੁਰਾਣਾ ਸੁਭਾਅ ਮਰ ਗਿਆ ਹੈ, ਸੰਸਾਰ ਦਾ ਸੁਭਾਅ, ਅਤੇ ਤੁਸੀਂ ਨਵੀਂ ਰਚਨਾ ਬਣ ਗਏ ਹੋ। ਅਤੇ ਤੁਹਾਡੀਆਂ ਇੱਛਾਵਾਂ, ਉਹ ਪੁਰਾਣੀ ਜ਼ਿੰਦਗੀ ਜਿਸਦੀ ਸ਼ੁਰੂਆਤ ਉਦੋਂ ਹੋਈ ਸੀ ਜਦੋਂ ਪਰਮੇਸ਼ੁਰ ਨੇ ਤੁਹਾਡੀਆਂ ਨਾਸਾਂ ਵਿੱਚ ਸਾਹ ਭਰਿਆ ਸੀ, ਜਦੋਂ ਤੁਸੀਂ ਜਨਮ ਲਿਆ ਸੀ, ਸਰੀਰਕ ਸੁਭਾਅ ਦਾ ਉਹ ਜੀਵਨ ਮਰ ਗਿਆ ਸੀ। ਅਤੇ ਇਸਦੀ ਸ਼ੁਰੂਆਤ ਸੀ ਅਤੇ ਇਸਦਾ ਅੰਤ ਸੀ, ਅਤੇ ਇਹ ਮਰ ਗਿਆ ਅਤੇ ਸਦਾ ਲਈ ਖਤਮ ਹੋ ਗਿਆ, ਪੁਰਾਣਾ ਸੁਭਾਅ। ਅਤੇ ਪਰਮੇਸ਼ੁਰ ਨਵੇਂ ਸੁਭਾਅ ਦੇ ਨਾਲ ਅੰਦਰ ਆਇਆ। ਫਿਰ, ਪਿਆਰ, ਅਨੰਦ, ਸ਼ਾਂਤੀ, ਧੀਰਜ, ਨਰਮਾਈ, ਸ਼ਾਂਤੀ, ਧੀਰਜ, ਅਤੇ ਹਲੀਮੀ, ਅਤੇ ਦਯਾ, ਜੋ ਅੰਦਰ ਆਏ; ਅਤੇ ਈਰਖਾ ਦੀ ਜਗ੍ਹਾ ਲੈ ਲਈ, ਅਤੇ—ਅਤੇ ਗੁੱਸੇ ਅਤੇ ਨਫ਼ਰਤ ਦੀ, ਅਤੇ ਖਾਰ, ਝਗੜਾ, ਅਤੇ ਉਹ ਸਾਰੀਆਂ ਚੀਜ਼ਾਂ। ਇਸ ਨੇ ਇਸਦੀ ਜਗ੍ਹਾ ਲੈ ਲਈ, ਜਦੋਂ ਤੁਸੀਂ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲੇ ਗਏ ਸੀ। ਤੁਸੀਂ ਇਸ ਨੂੰ ਸਮਝ ਰਹੇ ਹੋ, ਅਸਲ ਵਿੱਚ, ਹੁਣ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.]

255 ਇਸ ਲਈ, ਸੁਣੋ। ਸਦੀਪਕ ਜੀਵਨ ਦਾ ਕੇਵਲ ਇੱਕ ਰੂਪ ਹੈ। ਇਸ ਨੂੰ ਲੱਭੋ। ਭਾਵ, ਕੇਵਲ ਪਰਮੇਸ਼ੁਰ ਹੀ ਸਦੀਪਕ ਜੀਵਨ ਹੈ। ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ। ਕੇਵਲ ਪਰਮੇਸ਼ੁਰ ਕੋਲ ਹੀ ਸਦੀਪਕ ਜੀਵਨ ਹੈ। ਅਤੇ ਜੇਕਰ ਇੱਕ ਆਦਮੀ ਨਰਕ ਵਿੱਚ ਦੁੱਖ ਭੋਗਣ ਜਾ ਰਿਹਾ ਹੈ, ਸਦਾ ਲਈ, ਉਸ ਕੋਲ ਪਰਮੇਸ਼ੁਰ, ਸਦੀਪਕ ਹੋਣਾ ਚਾਹੀਦਾ ਹੈ। ਪਰ ਮੈਂ ਕਹਿੰਦਾ ਹਾਂ ਕਿ ਉੱਥੇ…

256 ਹੁਣ, ਯਾਦ ਰੱਖੋ, ਮੈਂ ਇਹ ਨਹੀਂ ਕਹਿ ਰਿਹਾ ਕਿ ਕੋਈ ਬਲਦਾ ਹੋਇਆ ਨਰਕ ਨਹੀਂ ਹੈ। ਬਲਦਾ ਨਰਕ, ਅੱਗ ਅਤੇ ਗੰਧਕ ਹੈ। "ਜਿੱਥੇ ਕੀੜੇ…ਅੱਗ ਨਹੀਂ ਬੁਝਦੀ ਅਤੇ ਕੀੜੇ ਕਦੇ ਨਹੀਂ ਮਰਦੇ," ਅੱਗ ਅਤੇ ਗੰਧਕ ਦਾ, ਇੱਕ ਸਜ਼ਾ। ਇਹ ਸੌ ਅਰਬ ਸਾਲਾਂ ਤੱਕ ਰਹਿ ਸਕਦਾ ਹੈ। ਪਰ ਇਸਦਾ ਅੰਤ ਹੋਣਾ ਚਾਹੀਦਾ ਹੈ, ਕਿਉਂਕਿ ਨਰਕ ਸ਼ੈਤਾਨ ਅਤੇ ਉਸਦੇ ਦੂਤਾਂ ਲਈ ਬਣਾਇਆ ਗਿਆ ਸੀ। ਅਤੇ ਉਹ ਸਭ ਕੁਝ ਜੋ ਪਰਮੇਸ਼ੁਰ ਨੇ ਹੀ, ਆਪ, ਜੋ ਸ਼ੁਰੂ ਵਿੱਚ ਸੀ, ਹਰ ਚੀਜ਼ ਪਰਮੇਸ਼ੁਰ ਤੋਂ ਆਈ ਹੈ। ਜਦ ਉਸੇ ਹੀ ਆਤਮਾ ਨੇ…

257 ਬਸ ਪ੍ਰੇਮ ਦੀ *ਆਤਮਾ* ਲੈ ਲਵੋ, ਜੋ ਪਰਮੇਸ਼ੁਰ ਦਾ ਮਹਾਨ ਚਸ਼ਮਾ ਸੀ, ਸ਼ੁੱਧ, ਮਿਲਾਵਟ ਰਹਿਤ। ਉਸ ਤੋਂ, *ਵਿਗੜਿਆ* ਹੋਇਆ ਪ੍ਰੇਮ ਆਇਆ। ਫਿਰ ਇਹ *ਮਨੁੱਖੀ* ਪ੍ਰੇਮ ਵਿੱਚ ਬਦਲ ਗਿਆ। ਫਿਰ ਇਹ *ਜਿਨਸੀ* ਪ੍ਰੇਮ ਵਿੱਚ ਬਦਲ ਗਿਆ। ਫਿਰ ਇਹ ਕਿਸੇ ਹੋਰ ਪ੍ਰੇਮ ਵਿੱਚ ਬਦਲ ਗਿਆ, ਪ੍ਰੇਮ ਅਤੇ ਪ੍ਰੇਮ, ਅਤੇ ਉਦੋਂ ਤੱਕ ਵਿਗੜਦਾ ਰਹਿੰਦਾ ਹੈ ਜਦੋਂ ਤੱਕ ਇਹ ਸਿਰਫ *ਗੰਦਗੀ* ਨਹੀਂ ਬਣ ਜਾਂਦਾ। ਪਰ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਸ਼ੁਰੂਆਤ ਸੀ। ਅਤੇ ਕਿਸੇ ਦਿਨ ਇਹ

ਸਿੱਧਾ ਅਸਲ ਵਿੱਚ ਵਾਪਸ ਚਲਾ ਜਾਵੇਗਾ; ਇਹ ਸਦੀਪਕ ਹੈ; ਜਿੱਥੇ ਕਾਮ, ਮਨੁੱਖੀ ਪਿਆਰ, ਭਾਵੁਕ ਪਿਆਰ, ਉਹ ਸਾਰੇ ਪਿਆਰ ਖਤਮ ਹੋ ਜਾਣਗੇ।

258 ਵਿਸ਼ਵਾਸ ਦੇ ਸਾਰੇ ਢੋਂਗੀ-ਵਿਸ਼ਵਾਸ ਨੂੰ ਖਤਮ ਹੋਣਾ ਹੋਵੇਗਾ। ਇੱਕ ਸੱਚਾ ਵਿਸ਼ਵਾਸ ਹੈ। ਬਾਕੀ ਸਭ ਨੂੰ ਖਤਮ ਹੋਣਾ ਪਵੇਗਾ। ਉਹ ਇਸ ਮੂਲ ਝਰਨੇ ਦੇ ਵਿਗੜੇ ਹੋਏ ਰੂਪ ਸਨ।

259 ਇਸ ਲਈ, ਨਰਕ, ਕਸ਼ਟ, ਕਸ਼ਟ ਸਦੀਪਕ ਨਹੀਂ ਹੈ। ਕਸ਼ਟ ਪਾਪ ਦੇ ਕਾਰਨ ਲਿਆਂਦੇ ਗਏ, ਅਤੇ ਪਾਪ ਨੇ ਕਸ਼ਟਾਂ ਦਾ ਆਰੰਭ ਕੀਤਾ। ਅਤੇ ਜਦੋਂ ਪਾਪ ਖਤਮ ਹੋ ਜਾਂਦਾ ਹੈ, ਤਾਂ ਕਸ਼ਟਾਂ ਨੂੰ ਵੀ, ਖਤਮ ਹੋਣਾ ਪਵੇਗਾ। ਅਤੇ ਅਜਿਹਾ ਸਮਾਂ ਆਵੇਗਾ ਜਿੱਥੇ ਪਾਪੀ, ਜਿਨ੍ਹਾਂ ਨੇ ਕਦੇ ਵੀ ਮਸੀਹ ਨੂੰ ਸਵੀਕਾਰ ਨਹੀਂ ਕੀਤਾ, ਉਨ੍ਹਾਂ ਨੂੰ ਸ਼ਾਇਦ ਸੌ ਅਰਬ ਸਾਲਾਂ ਲਈ ਸਜ਼ਾ ਮਿਲਣ ਤੋਂ ਬਾਅਦ,...ਮੈਨੂੰ ਨਹੀਂ ਪਤਾ, ਸ਼ਾਇਦ ਇੱਕ ਸੌ ਅਰਬ ਖਰਬ ਸਾਲ ਲਈ। ਮੈਂ ਕਹਿ ਨਹੀਂ ਸਕਦਾ। ਪਰ ਇਸਦਾ ਕਿਸੇ ਸਮੇਂ, ਅੰਤ ਹੋਣਾ ਹੋਵੇਗਾ, ਕਿਉਂਕਿ ਇਹ ਸਦੀਪਕ ਨਹੀਂ ਹੈ।

260 ਹੁਣ, ਅਸੀਂ ਅੱਗੇ ਵੱਧਾਂਗੇ, ਸੰਪੂਰਨਤਾ ਵੱਲ। ਹੁਣ ਸੁਣੋ, ਜਦ ਅਸੀਂ ਸੰਦੇਸ਼ ਵਿੱਚ ਆ ਰਹੇ ਹਾਂ।

> *...ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ, ਨਾਲੇ ਪਰਮੇਸ਼ੁਰ ਉੱਤੇ ਨਿਹਚਾ ਕਰਨ ਦੀ,*
>
> *ਬਪਤਿਸਮਿਆਂ ਦੀ ਸਿੱਖਿਆ ਦੀ,...ਹੱਥ ਰੱਖਣ ਦੀ,... ਮੁਰਦਿਆਂ ਦੇ ਜੀ ਉੱਠਣ ਦੀ, ਅਤੇ...ਸਦੀਪਕ ਨਿਆਉਂ ਦੀ।*

261 ਹੁਣ ਸੁਣੋ। ਸਾਡੇ ਕੋਲ ਦੋ...ਹੁਣ, ਸਾਡੇ ਕੋਲ ਇੱਕ ਤਸਵੀਰ ਹੈ। ਹੁਣ ਇਹ ਉਹ ਥਾਂ ਹੈ ਜਿੱਥੇ ਸਾਨੂੰ ਕੁਝ ਵੱਡੀਆਂ ਅਸਹਿਮਤੀਆਂ ਮਿਲਣਗੀਆਂ। ਹੁਣ ਤੁਹਾਨੂੰ ਇਹ ਦੇਖਣਾ ਹੋਵੇਗਾ ਕਿ ਤਸਵੀਰ ਕਿੱਥੇ ਹੈ। ਪੌਲੁਸ ਇੱਥੇ ਕੋਸ਼ਿਸ਼ ਕਰ ਰਿਹਾ ਹੈ, *ਸ਼ਰਾ* ਨੂੰ *ਕਿਰਪਾ* ਤੋਂ ਵੱਖ ਕਰਨ ਦੀ। ਸਾਡੇ ਕੋਲ ਦੋ ਤਸਵੀਰਾਂ ਹਨ: ਇੱਕ, ਸਰੀਰਕ; ਇੱਕ, ਆਤਮਿਕ। ਅਤੇ ਪੌਲੁਸ ਕੋਸ਼ਿਸ਼ ਕਰ ਰਿਹਾ ਹੈ—ਦੋਹਾਂ ਵਿਚਕਾਰ ਫਰਕ ਦੱਸਣ ਲਈ, ਯਹੂਦੀਆਂ ਨੂੰ ਦਿਖਾਉਣ ਲਈ। ਇਹ ਪੱਤਰੀ ਇਬਰਾਨੀਆਂ ਲਈ ਹੈ। ਅਤੇ ਸਾਰੀ ਇਬਰਾਨੀਆਂ ਪੁਰਾਣੇ ਨੇਮ ਦੇ ਨਮੂਨੇ ਨੂੰ ਨਵੇਂ ਨਾਲ ਮਿਲਾਉਣ ਦੀ ਕੋਸ਼ਿਸ਼ ਹੈ। ਇਸ ਲਈ, ਤੁਹਾਡੇ ਕੋਲ ਇੱਥੇ ਵਿਚਾਰ ਅਧੀਨ ਦੋ ਤਸਵੀਰਾਂ ਹਨ।

262 ਹੁਣ ਧਿਆਨ ਨਾਲ ਸੁਣੋ ਜਦ ਅਸੀਂ ਪੜ੍ਹਦੇ ਹਾਂ। ਹੁਣ ਉਸਨੇ ਕਿਹਾ:

> *...ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ, ਸੰਪੂਰਣਤਾ ਦੀ ਵੱਲ ਅਗਾਹਾਂ ਵਧਦੇ ਜਾਈਏ;...*

263 ਹੁਣ, ਸਾਨੂੰ ਅੱਜ ਸਵੇਰੇ ਪਤਾ ਲੱਗਾ ਹੈ, ਕਿ ਅਸੀਂ ਕਿਵੇਂ ਸੰਪੂਰਨ ਕੀਤੇ ਗਏ ਹਾਂ। ਸੰਪੂਰਨ ਕੀਤੇ ਗਏ, ਬਿਲਕੁਲ ਬੇਦਾਗ ਅਤੇ ਨਿਰਦੋਸ਼, ਸਾਡੇ ਉੱਤੇ ਇੱਕ ਵੀ ਪਾਪ ਨਹੀਂ। ਕੀ ਤੁਸੀਂ ਪਰਤਾਵੇ ਤੋਂ ਬਾਹਰ ਹੋ? ਕਦੇ ਨਹੀਂ। ਕੀ ਤੁਸੀਂ ਹਰ ਰੋਜ਼ ਪਾਪ ਕਰਦੇ ਹੋ? ਹਾਂ, ਸ੍ਰੀਮਾਨ। ਪਰ, ਫਿਰ ਵੀ, ਅਸੀਂ ਸੰਪੂਰਨ ਕੀਤੇ ਗਏ ਹਾਂ ਕਿਉਂਕਿ ਅਸੀਂ ਉਸ ਵਿੱਚ ਹਾਂ। ਅਤੇ ਪਰਮੇਸ਼ੁਰ ਸਾਡਾ ਕਿਸੇ ਵੀ ਚੀਜ ਲਈ (ਧਾਰਮਿਕਤਾ ਤੋਂ ਬਿਨਾਂ) ਨਿਆਂ ਨਹੀਂ ਕਰ ਸਕਦਾ, ਉਸਨੇ ਪਹਿਲਾਂ ਹੀ ਉਸ ਵਿੱਚ ਸਾਡਾ ਨਿਆਂ ਕਰ ਲਿਆ ਹੈ। ਜਦੋਂ ਉਸਨੇ ਮਸੀਹ ਦਾ ਨਿਆਂ ਕੀਤਾ, ਉਸਨੇ ਮੇਰਾ ਨਿਆਂ ਕੀਤਾ, ਉਸਨੇ ਤੁਹਾਡਾ ਨਿਆਂ ਕੀਤਾ। ਅਤੇ ਉਹ ਮੇਰਾ ਨਿਆਂ ਦੁਬਾਰਾ ਨਹੀਂ ਕਰ ਸਕਦਾ, ਕਿਉਂਕਿ ਜੇ ਮੈਂ ਛੁਡਾਇਆ ਗਿਆ ਹਾਂ ਤਾਂ ਉਸਨੇ ਮੇਰਾ ਨਿਆਂ ਲੈ ਲਿਆ ਹੈ।

264 ਅਤੇ ਮੇਰੇ ਕੋਲ ਇਹ ਦਿਖਾਉਣ ਲਈ ਇੱਕ ਟਿਕਟ ਹੈ ਕਿ ਮੈਂ ਆਪਣੀ ਘੜੀ ਨੂੰ ਸ਼ਾਹੂਕਾਰ ਦੀ ਦੁਕਾਨ ਤੋਂ ਛੁਡਾ ਲਿਆ ਹੈ, ਕੋਈ ਇਸ ਨੂੰ ਇੱਕ ਵਾਰੀ ਸ਼ਾਹੂਕਾਰ ਦੀ ਦੁਕਾਨ ਤੋਂ ਵਾਪਸ ਲੈਣ ਦੀ ਕੋਸ਼ਿਸ ਕਰੇ, ਜਦ ਮੇਰੇ ਕੋਲ ਇੱਕ ਰਸੀਦ ਹੈ। ਮੈਂ ਇਸ ਨੂੰ ਛੁਡਾ ਲਿਆ ਹੈ।

ਅਤੇ ਜੇਕਰ ਸ਼ੈਤਾਨ ਮੇਰੇ ਤੇ ਸਜ਼ਾ ਲਿਆਉਣ ਦੀ ਕੋਸ਼ਿਸ਼ ਕਰੇਗਾ, ਤਾਂ ਮੇਰੇ ਕੋਲ ਇੱਕ ਰਸੀਦ ਹੈ ਜੋ ਦਿਖਾਉਂਦੀ ਹੈ ਕਿ ਮੈਨੂੰ ਛੁਡਾਇਆ ਗਿਆ ਹੈ। ਹਾਂ, ਸ੍ਰੀਮਾਨ। ਕੋਈ ਹੋਰ ਨਿਆਂ ਨਹੀਂ! "ਜਿਹੜਾ ਮੇਰੇ ਬਚਨਾਂ ਨੂੰ ਸੁਣਦਾ ਹੈ, ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਸਦੀਪਕ ਜੀਵਨ ਹੈ, ਅਤੇ ਕਦੇ ਵੀ ਨਿਆਂ ਲਈ ਨਹੀਂ ਆਵੇਗਾ, ਪਰ ਮੌਤ ਤੋਂ ਪਾਰ ਜੀਵਨ ਵਿੱਚ ਚਲਾ ਗਿਆ ਹੈ।" ਇਹ ਮੇਰੀ ਰਸੀਦ ਹੈ। ਉਸ ਨੇ ਵਾਅਦਾ ਦਿੱਤਾ ਸੀ।

265 ਹੁਣ, ਹੁਣ ਤਸਵੀਰ, ਇੱਥੇ।

> *...ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ, ਅਤੇ...ਪਰਮੇਸ਼ੁਰ ਉੱਤੇ ਨਿਹਚਾ ਕਰਨ ਦੀ,*
>
> ...ਬਪਤਿਸਮਿਆਂ *ਦੀ ਸਿੱਖਿਆ ਦੀ,...ਹੱਥ ਰੱਖਣ ਦੀ, ...ਮੁਰਦਿਆਂ ਦੇ ਜੀ ਉੱਠਣ ਦੀ,...ਸਦੀਪਕ ਨਿਆਉਂ ਦੀ।*

266 ਹੁਣ, ਯਾਦ ਰੱਖੋ। ਕੀ ਤੁਸੀਂ ਧਿਆਨ ਦਿੱਤਾ ਕਿ ਉਹ ਸ਼ਬਦ ਦੁਬਾਰਾ ਵਰਤਿਆ ਗਿਆ ਹੈ? ਅਸੀਂ ਅੱਜ ਸਵੇਰੇ ਇਸਦੀ ਵਰਤੋਂ ਕੀਤੀ, "ਸਦੀਪਕ ਨਿਆਂ।" ਜਦੋਂ ਪਰਮੇਸ਼ੁਰ ਇੱਕ ਵਾਰ ਬੋਲਦਾ ਹੈ, ਇਹ ਸਦੀਪਕ ਹੁੰਦਾ ਹੈ। ਇਸ ਨੂੰ ਬਦਲਿਆ ਨਹੀਂ ਜਾ ਸਕਦਾ, ਥੋੜਾ ਜਿਹਾ ਵੀ। ਇਸ ਲਈ, ਨਿਆਂ ਸਦੀਪਕ ਹੈ, ਇਹ ਹਮੇਸ਼ਾ ਨਿਆਂ ਹੀ ਹੁੰਦਾ ਹੈ। ਅਤੇ ਭਾਵੇਂ ਅਸੀਂ ਕਿਸੇ ਵੀ

ਪੀੜ੍ਹੀ ਵਿੱਚ ਰਹਿ ਰਹੇ ਹਾਂ, ਇੱਕ ਪੀੜ੍ਹੀ ਜਿਉਂਦੀ ਰਹੇਗੀ, ਅਤੇ ਇੱਕ ਸ਼ਰਾ ਰਹੇਗੀ, ਅਤੇ ਇਹ ਹਮੇਸ਼ਾ ਲਈ ਹੈ, ਜਾਂ ਕਿਸੇ ਵੀ ਸਮੇਂ ਲਈ, ਅਤੇ *ਇਹ ਅਤੇ ਉਹ*। ਪਰ ਪਰਮੇਸ਼ੁਰ ਦਾ ਨਿਆਂ ਅਜੇ ਵੀ ਸਦੀਪਕ ਹੈ, ਉਸਨੂੰ ਕਰਨਾ ਪੈਂਦਾ ਹੈ, ਕਿਉਂਕਿ ਉਸਨੇ ਬਚਨ ਬੋਲਿਆ ਸੀ। ਜਦੋਂ ਪਰਮੇਸ਼ੁਰ ਇੱਕ ਸ਼ਬਦ ਬੋਲਦਾ ਹੈ, ਇਹ ਸਦੀਪਕ ਹੋਣਾ ਚਾਹੀਦਾ ਹੈ। ਇਹ ਸਹੀ ਹੈ।

267 ਹੁਣ ਮੈਨੂੰ ਤੁਹਾਡੇ ਲਈ ਉਸ ਨੂੰ ਯੂਨਾਨੀ ਵਿੱਚੋਂ ਪੜ੍ਹਨ ਦਿਓ। ਸੁਣੋ ਕਿ ਇਹ ਕਿਵੇਂ ਪੜ੍ਹਿਆ ਜਾਂਦਾ ਹੈ।

> *ਇਸ ਲਈ ਮਸੀਹ ਦੇ ਮੂਲ ਸਿਧਾਂਤਾਂ ਦੀ ਸਿੱਖਿਆ ਨੂੰ ਛੱਡ—ਛੱਡ ਕੇ, ਜੋ ਪ੍ਰਾਸਚਿਤ ਲਈ ਦਿੱਤਾ ਗਿਆ, ਸਾਨੂੰ ਜੋਰ—ਜੋਰ ਮਾਰਨਾ ਚਾਹੀਦਾ ਹੈ…*

ਹੁਣ, ਮੈਂ ਇਸਨੂੰ ਪੜ੍ਹ ਨਹੀਂ ਸਕਦਾ। ਇਹ ਧੁੰਦਲਾ ਹੋ ਗਿਆ ਹੈ। "ਕਰਨ ਦੀ ਨੀਂਹ ਮੁੜ ਕੇ ਨਾ ਧਰੀਏ…" ਅਸੀਂ ਏਥੇ ਹਾਂ।

> *…ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ।*

268 ਹੁਣ, ਇਹ ਸ਼ਬਦਕੋਸ਼ ਕੋਈ ਵਿਆਖਿਆ ਨਹੀਂ ਹੈ, ਬਿਲਕੁਲ ਵੀ ਨਹੀਂ। ਇਹ ਸਿਰਫ਼ ਉਸ ਲਈ ਯੂਨਾਨੀ ਸ਼ਬਦ ਹਨ ਜੋ ਅੰਗਰੇਜ਼ੀ ਵਿੱਚ ਕਿਹਾ ਜਾਂਦਾ ਹੈ। ਅਤੇ ਇਸ ਨੇ ਕਿਹਾ, "ਹੁਣ ਅਸੀਂ ਨਹੀਂ ਚਾਹੁੰਦੇ…" ਇੱਥੇ ਸੁਣੋ, ਵੇਖੋ।

> *…ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ।*

269 ਹੁਣ ਜੇ ਤੁਸੀਂ ਇਸ ਨੂੰ ਆਪਣੇ ਮਨ ਵਿੱਚ ਲੈ ਲਵੋ, ਕਿ ਉਹ ਇੱਥੇ ਬੋਲ ਰਿਹਾ ਹੈ, ਕਿ, "ਸੁਧਾਰ ਦੇ ਰੂਪ ਮੌਤ ਦਾ ਕਾਰਨ ਬਣਦੇ ਹਨ।" ਪੌਲੁਸ ਨੇ ਕਿਹਾ, "ਆਦ ਗੱਲਾਂ ਛੱਡ ਕੇ, ਸੰਪੂਰਣਤਾ ਵੱਲ ਅਗਾਹਾਂ ਵਧਦੇ ਜਾਈਏ, ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ, ਨਾਲੇ ਪਰਮੇਸ਼ੁਰ ਉੱਤੇ ਨਿਹਚਾ ਕਰਨ ਦੀ: ਬਪਤਿਸਮਿਆਂ ਦੀ ਸਿੱਖਿਆ ਦੀ, ਹੱਥ ਰੱਖਣ ਦੀ, ਮੁਰਦਿਆਂ ਦੇ ਜੀ ਉੱਠਣ ਦੀ ਅਤੇ ਸਦੀਪਕ ਨਿਆਉਂ ਦੀ।" "ਸੁਧਾਰ ਦੇ ਰੂਪ ਮੌਤ ਦਾ ਕਾਰਨ ਬਣਦੇ ਹਨ," ਸਹੀ ਸ਼ਬਦ ਸਨ। ਇਹੀ ਸੀ ਜੋ ਪੌਲੁਸ ਨੇ ਅਸਲ ਵਿੱਚ ਲਿਖਿਆ ਹੈ। ਦੇਖੋ ਕਿ ਉਹ ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ?

270 ਹੁਣ, ਇਹ ਸਾਰੀਆਂ ਚੀਜ਼ਾਂ, ਜਿਵੇਂ ਬਪਤਿਸਮੇ: ਇੱਕ ਨੂੰ ਪਿਛਾਂਹ ਨੂੰ ਬਪਤਿਸਮਾ ਦਿੱਤਾ ਜਾਂਦਾ ਹੈ, ਇੱਕ ਨੂੰ ਅੱਗੇ, ਇੱਕ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ, ਇੱਕ ਨੂੰ ਯਿਸੂ ਦੇ ਨਾਮ ਵਿੱਚ, ਇੱਕ *ਇਸ* ਤਰੀਕੇ ਨਾਲ, ਅਤੇ *ਉਸ* ਤਰੀਕੇ ਨਾਲ, ਅਤੇ ਬਪਤਿਸਮੇ ਦੀਆਂ ਇਹ ਸਾਰੀਆਂ ਵੱਖਰੀਆਂ ਛੋਟੀਆਂ ਚੀਜ਼ਾਂ।

271 ਅਤੇ ਹੱਥ ਰੱਖਣ ਦੀ: "ਪਰਮੇਸ਼ੁਰ ਮੁਬਾਰਕ ਹੋਵੇ, ਮੇਰੇ ਕੋਲ ਹੱਥ ਰੱਖਣ ਦਾ ਦਾਨ ਹੈ। ਹਲਲੂਯਾਹ! ਤੁਸੀਂ, ਤੁਸੀਂ ਇਸਨੂੰ *ਇਸ* ਤਰੀਕੇ ਨਾਲ ਪ੍ਰਾਪਤ ਕਰ ਸਕਦੇ ਹੋ। ਹਲਲੂਯਾਹ!"

272 ਉਸ ਸਭ ਨੂੰ ਪਾਸੇ ਰੱਖ ਕੇ, ਕਿਉਂਕਿ ਇਹ ਮਰੇ ਹੋਏ ਕੰਮ ਹਨ, ਇਹ ਸੁਧਾਰ, ਸੁਧਾਰ ਕਰਨੇ। ਸਮਝੇ? ਉਹ ਕਿਸੇ ਹੋਰ ਸ਼੍ਰੇਣੀ ਦੀ ਗੱਲ ਕਰ ਰਿਹਾ ਹੈ। ਹੁਣ ਉਸਨੇ ਕਿਹਾ, "ਆਓ ਇਸ ਤੋਂ ਦੂਰ ਹੋਈਏ, ਅਤੇ ਸੰਪੂਰਨਤਾ ਵੱਲ ਚੱਲੀਏ।" ਤੁਸੀਂ ਇਹ ਸਮਝੇ ਰਹੇ ਹੋ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.]

273 ਅਤੇ ਕਲਿਸਿਯਾ ਅਜੇ ਵੀ ਉਹਨਾਂ ਚੀਜ਼ਾਂ ਵਿੱਚ ਫਸੀ ਹੋਈ ਹੈ। ਇਹ ਉਹੀ ਹੈ ਜੋ ਉਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਮੁਢਲੀ ਇਬਰਾਨੀ ਕਲੀਸਿਯਾ ਇਹ ਕਹਿਣ ਦੀ ਕੋਸ਼ਿਸ਼ ਕਰ ਰਹੀ ਸੀ, "ਖੈਰ, ਮੈਨੂੰ ਡੁਬਕੀ ਦੇ ਕੇ ਬਪਤਿਸਮਾ ਦਿੱਤਾ ਗਿਆ ਸੀ, ਅਤੇ—ਅਤੇ ਮੈਨੂੰ *ਇਹ*, *ਇਹ*, ਅਤੇ *ਇਹ* ਸਭ ਕੁਝ ਮਿਲ ਗਿਆ।"

274 ਉਸ ਨੇ ਕਿਹਾ, "ਹੁਣ, ਇਸ ਸਭ ਕੁਝ ਨੂੰ ਇੱਕ ਪਾਸੇ ਰੱਖ ਦਿਓ, ਇਸ ਨੂੰ ਪਿੱਛੇ ਛੱਡ ਦਿਓ।" ਪਰ, ਹੁਣ, ਕੀ ਉਸਨੇ ਕਿਹਾ ਕਿ ਸਾਨੂੰ ਇਹ ਨਹੀਂ ਕਰਨਾ ਚਾਹੀਦਾ? ਹੁਣ ਸੁਣੋ ਉਸ ਨੇ ਇਸ ਬਾਰੇ ਕੀ ਕਿਹਾ।

*ਪਰਮੇਸ਼ੁਰ ਚਾਹੇ,...ਤਾਂ ਅਸੀਂ ਇਹੋ ਹੀ ਕਰਾਂਗੇ।*

275 ਅਤੇ ਮੂਲ ਨੇ ਵੀ ਇਹੀ ਕਿਹਾ ਸੀ।

*ਅਸੀਂ ਇਹੋ ਹੀ ਕਰਾਂਗੇ, ਜੇ ਪਰਮੇਸ਼ੁਰ ਸਾਨੂੰ ਆਗਿਆ ਦੇਵੇਗਾ,* ਸਮਝੇ।

*ਅਸੀਂ ਇਹੋ ਹੀ ਕਰਾਂਗੇ, ਜੇ ਪਰਮੇਸ਼ੁਰ ਸਾਨੂੰ ਆਗਿਆ ਦੇਵੇਗਾ।*

276 ਬਪਤਿਸਮੇਂ, ਹੱਥ ਰੱਖਣੇ, ਅਤੇ ਇਹ ਸਭ ਚੀਜਾਂ, ਪਰ ਇਹ ਸੰਪੂਰਨ ਨਹੀਂ ਹੈ। ਇਹ ਕੇਵਲ ਸਰੀਰਕ ਸੁਧਾਰ ਹਨ। ਅਤੇ ਇਹ ਉਹ ਥਾਂ ਹੈ ਜਿੱਥੇ ਕਲਿਸੀਆਂ ਕੰਮ ਬੰਦ ਕਰ ਦਿੰਦਿਆਂ ਹਨ, ਅੱਜ, ਉਸ ਸਰੀਰਕ ਸੁਧਾਰ ਤੇ। ਉਨ੍ਹਾਂ ਵਿੱਚੋਂ ਇੱਕ ਨੇ ਕਿਹਾ, "ਔਹ, ਅੱਛਾ, ਪਾਣੀ, *ਬਪਤਿਸਮਾ* ਸ਼ਬਦ ਦਾ ਅਰਥ *ਇਹ* ਹੈ ਅਤੇ ਇਸਦਾ ਅਰਥ *ਉਹ* ਹੈ।"

277 ਅਤੇ ਉਨ੍ਹਾਂ ਨੇ ਸੰਗਠਨਾਂ ਦੀ ਸਥਾਪਨਾ ਕੀਤੀ: ਅਤੇ ਇੱਕ ਛਿੜਕਾਅ ਕਰਦਾ ਹੈ, ਦੂਜਾ ਡੋਲ੍ਹਦਾ ਹੈ, ਕੋਈ ਹੋਰ ਮੂੰਹ ਅੱਗੇ ਨੂੰ ਕਰਾ ਕੇ ਬਪਤਿਸਮਾ ਦਿੰਦਾ ਹੈ, ਕੋਈ ਹੋਰ ਪਿਛਾਂ ਨੂੰ ਮੂੰਹ ਕਰਾ ਕੇ, ਅਤੇ ਉਹ ਸਾਰੀਆਂ ਚੀਜ਼ਾਂ; ਉਨ੍ਹਾਂ ਵਿੱਚੋਂ ਕੁਝ ਬਿਮਾਰਾਂ ਲਈ ਹੱਥ ਰੱਖਦੇ ਹਨ, ਅਤੇ ਕੁਝ ਰਸੂਲ ਬਣਾਉਂਦੇ

ਹਨ, ਅਤੇ ਕੁਝ ਨਬੀ ਬਣਾਉਂਦੇ ਹਨ ਅਤੇ ਇਸ ਤਰ੍ਹਾਂ, ਹੱਥ ਰੱਖਣ ਨਾਲ; ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਪ੍ਰਚਾਰ ਕਰਦੇ ਹਨ, ਅਤੇ ਜੋ ਸਭ ਠੀਕ ਹੈ; ਅਤੇ ਮਸੀਹ ਦੀ ਸਰਵਉੱਚ ਦੈਵਿਕਤਾ, ਇਹ ਸਭ ਠੀਕ ਹੈ। "ਪਰ," ਉਸ ਨੇ ਕਿਹਾ, "ਇਹ ਸਭ ਰਸਮੀ ਸੁਧਾਰ ਹਨ। ਅਸੀਂ ਸਿਰਫ਼ ਸੁਧਾਰ ਕਰ ਰਹੇ ਹਾਂ। ਚਲੋ ਹੁਣ ਅਸੀਂ ਸੰਪੂਰਨਤਾ ਵੱਲ ਚੱਲੀਏ।" ਤੁਸੀਂ ਤਸਵੀਰ ਨੂੰ ਸਮਝ ਗਏ ਹੋ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.]

278 ਹੁਣ ਦੇਖੋ। ਇਹ ਉਹ ਥਾਂ ਹੈ ਜਿੱਥੇ ਹੁਣ ਡੂੰਘਾ ਹਿੱਸਾ ਆਉਂਦਾ ਹੈ।

*ਕਿਉਂਕਿ ਇਹ ਉਹਨਾਂ ਲਈ ਜੋ ਇੱਕ ਵਾਰੀ ਉਜਿਆਲੇ ਕੀਤੇ ਗਏ, ਅਤੇ ਸੁਰਗੀ ਦਾਨ ਦਾ ਸੁਆਦ ਚੱਖਿਆ, ਅਤੇ ਪਵਿੱਤਰ ਆਤਮਾ ਵਿੱਚ ਸਾਂਝੀ ਹੋਏ,*

*ਅਤੇ ਪਰਮੇਸ਼ੁਰ ਦੇ ਸ਼ੁਭ ਬਚਨ,...ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ,*

*ਅਤੇ ਮਗਰੋਂ ਬੇਮੁਖ ਹੋ ਗਏ, ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੋਬਾ ਕਰਾਉਣੀ ਅਣਹੋਣੀ ਹੈ; ਇਸ ਲਈ ਜੋ ਓਹ ਪਰਮੇਸ਼ੁਰ ਦੇ ਪੁੱਤ੍ਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ।*

279 ਹੁਣ, ਮੈਂ ਜਾਣਦਾ ਹਾਂ ਕਿ ਤੁਹਾਡੇ ਸ਼ਰਾਵਾਦੀ ਦੇ ਦਿਮਾਗ ਵਿੱਚ ਇਸ ਸਮੇਂ ਕੀ ਹੈ, ਪਰ ਤੁਸੀਂ ਗਲਤ ਹੋ। ਸਮਝੇ? ਚੰਗਾ। ਮੈਂ ਇਸ ਤੇ ਖੜ੍ਹਾ ਹਾਂ, ਅਤੇ ਬਾਈਬਲ ਇਸ ਨੂੰ ਪੱਕਾ ਕਰਦੀ ਹੈ, ਕਿ, "ਜੇ ਪਰਮੇਸ਼ੁਰ ਨੇ ਕਦੇ ਕਿਸੇ ਮਨੁੱਖ ਨੂੰ ਬਚਾਇਆ, ਤਾਂ ਉਹ ਸਮੇਂ ਅਤੇ ਸਦੀਪਕਤਾ ਲਈ ਬਚਾਇਆ ਲਿਆ ਗਿਆ ਹੈ।" ਤੁਸੀਂ ਇਸ ਦਾ ਹੋਰ ਕੋਈ ਅਰਥ ਨਹੀਂ ਕੱਢ ਸਕਦੇ।

280 ਕੁਝ ਕੱਟੜਪੰਥੀ ਮੇਰੇ ਕੋਲ ਆਏ, ਜਿਆਦਾ ਸਮਾਂ ਨਹੀਂ ਹੋਇਆ, ਅਤੇ ਕਿਹਾ, "ਮੈਂ ਤੁਹਾਡੀ ਇੱਕ ਗੱਲ ਫੜ ਲਈ ਹੈ, ਪ੍ਰਚਾਰਕ ਬ੍ਰਨਹਾਮ। ਮੈਂ ਤੁਹਾਨੂੰ ਇੱਕ ਚੀਜ ਤੇ ਫੜ ਲਿਆ ਹੈ। ਤੁਸੀਂ ਕਿਹਾ, 'ਜੇ ਇੱਕ ਆਦਮੀ ਨੂੰ ਬਚਾਇਆ ਗਿਆ ਸੀ, ਤਾਂ ਉਹ ਕਦੇ ਨਾਸ਼ ਨਹੀਂ ਹੋ ਸਕਦਾ?"

281 ਮੈਂ ਕਿਹਾ, "ਪਰਮੇਸ਼ੁਰ ਨੇ ਇਹੀ ਕਿਹਾ ਹੈ।"

282 ਉਸ ਨੇ ਕਿਹਾ, "ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ। ਸ਼ਾਊਲ ਇੱਕ ਨਬੀ ਸੀ, ਅਤੇ ਉਸਨੇ ਭਵਿੱਖਬਾਣੀ ਕੀਤੀ ਸੀ। ਅਤੇ ਤੁਸੀਂ ਜਾਣਦੇ ਹੋ ਕਿ ਉਹ ਪਰਮੇਸ਼ੁਰ ਦਾ ਮਸਹ ਕੀਤਾ ਹੋਇਆ ਸੀ। ਬਾਈਬਲ ਨੇ ਕਿਹਾ ਕਿ ਉਹ ਸੀ। ਅਤੇ ਉਸਨੇ ਖੁਦਕੁਸ਼ੀ ਕਰ ਲਈ, ਅਤੇ ਉਹ ਨਾਸ਼ ਹੋ ਗਿਆ।"

283 ਮੈਂ ਕਿਹਾ, "ਉਹ ਸੀ?" ਮੈਂ ਕਿਹਾ, "ਬਾਈਬਲ ਦੱਸਦੀ ਹੈ ਕਿ ਉਹ 'ਬਚਾ ਲਿਆ ਗਿਆ' ਸੀ। ਪਰਮੇਸ਼ੁਰ ਦਾ ਵੈਰੀ ਬਣਨ ਦੇ ਬਾਵਜੂਦ, ਉਹ ਫਿਰ ਵੀ ਬਚਾ ਲਿਆ ਗਿਆ ਸੀ। ਬਾਈਬਲ ਨੇ ਕਿਹਾ ਕਿ ਉਹ ਬਚਾਇਆ ਗਿਆ ਸੀ। ਅਤੇ, ਆਖ਼ਰਕਾਰ, ਉਸਨੇ ਖੁਦਕੁਸ਼ੀ ਨਹੀਂ ਕੀਤੀ। ਇੱਕ ਫ਼ਲਿਸਤੀ ਨੇ ਉਸਨੂੰ ਮਾਰਿਆ ਅਤੇ ਦਾਊਦ ਨੇ ਉਸਨੂੰ ਮਾਰਨ ਲਈ ਉਸ ਫ਼ਲਿਸਤੀ ਨੂੰ ਮਾਰ ਦਿੱਤਾ। ਉਹ ਆਪਣੀ ਤਲਵਾਰ, ਆਪਣੇ ਬਰਛੇ, ਤਲਵਾਰ ਤੇ ਡਿੱਗਿਆ, ਪਰ, ਉਹ ਡਿੱਗਿਆ। ਇਸ ਨਾਲ ਉਹ ਨਹੀਂ ਮਰਿਆ। ਅਤੇ ਇੱਕ ਫ਼ਲਿਸਤੀ ਨੇ ਉਸਨੂੰ ਮਾਰ ਦਿੱਤਾ। ਅਤੇ ਫਿਰ ਜਦੋਂ ਸ਼ਾਊਲ ਜਾਦੂਗਰਨੀ ਕੋਲ ਗਿਆ, ਅਤੇ ਉਸਨੇ ਸਮੂਏਲ ਦੀ ਆਤਮਾ ਨੂੰ ਬੁਲਾਇਆ, ਕਿਉਂਕਿ ਉਹ ਮਹਿਮਾ ਵਿੱਚ ਨਹੀਂ ਗਿਆ ਸੀ, ਉਹ ਬਲਦਾਂ ਅਤੇ ਬੱਕਰੀਆਂ ਦੇ ਵਹਾਏ ਗਏ ਲਹੂ ਦੇ ਹੇਠਾਂ ਫਿਰਦੌਸ ਵਿੱਚ ਸੀ ਜੋ ਪਾਪ ਨੂੰ ਦੂਰ ਨਹੀਂ ਕਰ ਸਕਦਾ ਸੀ। ਪਰ ਉਸ ਦੇ ਅੰਦਰ ਦਾਖਲ ਹੋਣ ਤੱਕ, ਉਸ ਕੋਲ ਉਡੀਕ ਕਰਨ ਲਈ ਜਗ੍ਹਾ ਹੋਣੀ ਚਾਹੀਦੀ ਸੀ, ਜਿਸ ਨੂੰ ਫਿਰਦੌਸ ਕਿਹਾ ਜਾਂਦਾ ਹੈ।"

284 ਇਹ ਉਹ ਥਾਂ ਹੈ ਜਿੱਥੇ ਤੁਸੀਂ ਕੈਥੋਲਿਕ ਲੋਕ ਗੜਬੜ ਕਰ ਦਿੰਦੇ ਹੋ। ਸਮਝੇ? ਹੁਣ, ਹੁਣ ਕੋਈ ਫਿਰਦੌਸ ਨਹੀਂ ਹੈ। ਅਸੀਂ ਸਿੱਧੇ ਪਰਮੇਸ਼ੁਰ ਦੀ ਹਜ਼ੂਰੀ ਵਿਚ ਚਲੇ ਜਾਂਦੇ ਹਾਂ।

285 ਅਤੇ ਜਦੋਂ ਏਨਦੋਰ ਦੀ ਜਾਦੂਗਰਨੀ ਨੇ ਸਮੂਏਲ ਦੀ ਆਤਮਾ ਨੂੰ ਬੁਲਾਇਆ, ਤਾਂ ਉਹ ਉੱਥੇ ਖੜ੍ਹਾ ਸੀ। ਅਤੇ ਉਹ ਆਪਣੇ ਮੂੰਹ ਭਾਰ ਡਿੱਗ ਪਈ, ਅਤੇ ਉਸਨੇ ਕਿਹਾ, "ਤੂੰ ਮੈਨੂੰ ਕਿਉਂ ਧੋਖਾ ਦਿੱਤਾ?"

286 ਅਤੇ ਨਾ ਸਿਰਫ਼ ਸ਼ਾਊਲ ਉੱਥੇ ਖੜ੍ਹਾ ਸੀ...ਮੇਰਾ ਮਤਲਬ ਸਮੂਏਲ, ਆਪਣੇ ਨਬੀ ਦੇ ਬਸਤਰ ਵਿੱਚ, ਉਹ ਅਜੇ ਵੀ ਇੱਕ ਨਬੀ ਸੀ। ਉਸ ਨੇ ਕਿਹਾ, "ਤੂੰ ਮੇਰੇ ਸੁਖ ਵਿੱਚ ਕਾਹਨੂੰ ਭੰਗ ਪਾਇਆ ਜੋ ਮੈਨੂੰ ਸੱਦਿਆ," ਕਿਹਾ, "ਵੇਖ ਪਰਮੇਸ਼ੁਰ ਤੇਰਾ ਵੈਰੀ ਬਣ ਗਿਆ ਹੈ?"

287 ਉਸ ਨੇ ਕਿਹਾ, "ਖੈਰ, ਊਰੀਮ ਹੁਣ ਮੇਰੇ ਨਾਲ ਗੱਲ ਨਹੀਂ ਕਰਦਾ। ਨਬੀ ਹੁਣ ਮੇਰੇ ਲਈ ਅਗੰਮ ਵਾਕ ਨਹੀਂ ਕਰ ਸਕਦੇ। ਨਾ ਹੀ ਮੈਂ ਸੁਪਨਾ ਦੇਖ ਸਕਦਾ ਹਾਂ।"

288 "ਅੱਛਾ," ਸਮੂਏਲ ਨੇ ਕਿਹਾ, "ਪਰਮੇਸ਼ੁਰ ਤੇਰਾ ਵੈਰੀ ਬਣ ਗਿਆ ਹੈ। ਪਰ ਕੱਲ੍ਹ ਲੜਾਈ ਹੋਰ ਪਾਸੇ ਜਾਵੇਗੀ, ਅਤੇ ਕੱਲ੍ਹ ਤੂੰ ਮਾਰਿਆ ਜਾਵੇਂਗਾ। ਅਤੇ ਕੱਲ ਰਾਤ, ਇਸ ਸਮੇਂ ਤੱਕ, ਤੂੰ ਮੇਰੇ ਨਾਲ ਹੋਵੇਂਗਾ।" ਜੇ ਸ਼ਾਊਲ ਨਾਸ਼ ਹੋ ਗਿਆ ਸੀ, ਤਾਂ ਸਮੂਏਲ ਵੀ ਨਾਸ਼ ਹੋ ਗਿਆ, ਉਹ ਦੋਵੇਂ ਇਕੱਠੇ ਸਨ। ਯਕੀਨਨ। ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ।

289 ਹੁਣ, ਤੁਸੀਂ ਸਾਰੇ ਜਜ਼ਬਾਤ ਵਿੱਚ ਕੰਮ ਕਰ ਸਕਦੇ ਹੋ, ਗੈਰ ਜ਼ੁਬਾਨ ਵਿੱਚ ਬੋਲ ਕੇ, ਰੌਲਾ ਪਾ ਕੇ, ਝਟਕੇ ਲੈ ਕੇ, ਹਿੱਲ ਕੇ, ਗਲੀ ਵਿੱਚ ਉੱਪਰ-ਥੱਲੇ ਦੋੜ ਕੇ। ਇਸਦੇ ਵਿਰੁੱਧ ਕੁਝ ਨਹੀਂ ਵੀ ਨਹੀਂ ਹੈ। ਪਰ ਤੁਸੀਂ ਆਪਣੇ ਆਪ ਨੂੰ ਵਿਸ਼ਵਾਸ ਦਿਵਾ ਸਕਦੇ ਹੋ ਕਿ ਤੁਸੀਂ ਬਚਾਏ ਗਏ ਹੋ ਜਦੋਂ ਤੁਸੀਂ ਨਹੀਂ, ਤੁਸੀਂ ਨਹੀਂ ਬਚਾਏ ਗਏ ਹੋ। ਤੁਹਾਡੀ ਜ਼ਿੰਦਗੀ ਸਾਬਤ ਕਰੇਗੀ ਕਿ ਤੁਸੀਂ ਕੀ ਹੋ। ਯਿਸੂ ਨੇ ਕਿਹਾ ਕਿ ਇਹ ਹੋਵੇਗਾ, "ਉਨ੍ਹਾਂ ਦੇ ਫਲਾਂ ਦੁਆਰਾ ਤੁਸੀਂ ਉਨ੍ਹਾਂ ਨੂੰ ਜਾਣੋਗੇ।" ਤੁਹਾਡੀ ਜ਼ਿੰਦਗੀ ਸਾਬਤ ਕਰੇਗੀ ਕਿ ਤੁਸੀਂ ਬਚਾਏ ਗਏ ਹੋ ਜਾਂ ਨਹੀਂ, ਜੇਕਰ ਤੁਸੀਂ ਕਦੇ ਆਪਣਾ ਮੂੰਹ ਨਹੀਂ ਖੋਲ੍ਹਦੇ। ਇਹ ਸਾਬਤ ਕਰੇਗਾ ਕਿ ਤੁਸੀਂ ਕੀ ਹੋ।

290 ਪਰ ਇਹ ਸਭ ਕੰਮ-ਕਾਰ ਅਤੇ ਭਾਵਨਾ ਅਤੇ ਗਿਰਜੇ ਵਿੱਚ ਸ਼ਾਮਲ ਹੋਣਾ, "ਅਤੇ ਮੈਂ ਯਿਸੂ ਦੇ ਨਾਮ ਵਿੱਚ ਬਪਤਿਸਮਾ ਲਿਆ ਹੈ, ਹਲਲੂਯਾਹ, ਮੈਂ ਜਾਣਦਾ ਹਾਂ ਕਿ ਮੈਨੂੰ ਇਹ ਮਿਲਿਆ ਹੈ," ਇਸ ਦਾ ਕੋਈ ਮਤਲਬ ਨਹੀਂ ਹੈ।

291 "ਮੈਨੂੰ ਬਪਤਿਸਮਾ ਦਿੱਤਾ ਗਿਆ ਹੈ, ਪਿਤਾ, ਪੁੱਤਰ, ਪਵਿੱਤਰ ਆਤਮਾ ਦੇ ਨਾਮ ਵਿੱਚ, ਅੱਗੇ ਨੂੰ ਮੂੰਹ ਕਰਕੇ, ਤਿੰਨ ਵਾਰ ਅੱਗੇ। ਮੈਨੂੰ ਇਹ ਮਿਲ ਗਿਆ ਹੈ।" ਇਸ ਦਾ ਮਤਲਬ ਕੁਝ ਨਹੀਂ।

292 ਪੌਲੁਸ ਨੇ ਕਿਹਾ, "ਚਲੋ ਹੁਣ ਸੰਪੂਰਨਤਾ ਵੱਲ ਚੱਲੀਏ।" ਅਸੀਂ ਸੰਪੂਰਨ ਬਾਰੇ ਗੱਲ ਕਰ ਰਹੇ ਹਾਂ। ਅਤੇ ਜੇਕਰ ਅਸੀਂ ਇਸਨੂੰ ਹੇਠਾਂ ਚਲਾਵਾਂਗੇ, ਤਾਂ ਤੁਹਾਨੂੰ ਪਤਾ ਲੱਗੇਗਾ, ਸੰਪੂਰਨ ਚੁਣਿਆ ਹੋਇਆ ਹੈ। ਮੈਂ ਤੁਹਾਨੂੰ ਕੁਝ ਮਿੰਟਾਂ ਵਿੱਚ, ਬਾਈਬਲ ਦੁਆਰਾ, ਇਹ ਸਾਬਤ ਕਰਾਂਗਾ। ਇਹ ਉਹ ਚੁਣਿਆ ਹੋਇਆ ਹੈ ਜੋ ਪਰਮੇਸ਼ੁਰ ਨੇ, ਸੰਸਾਰ ਦੀ ਨੀਂਹ ਤੋਂ ਪਹਿਲਾਂ, ਉਹਨਾਂ ਵਿੱਚੋਂ ਹਰ ਇੱਕ ਨੂੰ ਦੇਖਿਆ। ਅਤੇ ਉਸਨੇ ਯਿਸੂ ਨੂੰ ਉਨ੍ਹਾਂ ਲੋਕਾਂ ਨੂੰ ਛੁਡਾਉਣ ਲਈ ਭੇਜਿਆ, ਨਾ ਕਿ ਸਾਰੇ ਸੰਸਾਰ ਨੂੰ। ਉਹ ਚਾਹੁੰਦਾ ਸੀ, ਪਰ ਉਸਨੂੰ ਉਹਨਾਂ ਲਈ ਇੱਕ ਰਸਤਾ ਬਣਾਉਣਾ ਪਿਆ। ਅਤੇ ਉਹ ਇੱਕੋ ਇੱਕ ਤਰੀਕੇ ਨਾਲ ਇਹ ਕਰ ਸਕਦਾ ਸੀ, ਉਹ ਸੀ ਮਸੀਹ ਨੂੰ ਭੇਜਣਾ; ਤਾਂ ਜੋ ਉਹ ਆ ਸਕੇ, ਸਾਡੇ ਪਾਪਾਂ ਦਾ ਪ੍ਰਾਸਚਿਤ, ਤਾਂ ਜੋ ਜਿਹੜੇ ਚੁਣੇ ਗਏ ਹਨ, ਉਹ ਮਹਿਮਾ ਵਿੱਚ, ਉਸਦੇ ਕੋਲ ਲਿਆ ਸਕੇ।

293 ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਪਰਮੇਸ਼ੁਰ ਆਪਣੇ ਦਫਤਰ ਨੂੰ ਇੰਨੀ ਅਣਗਹਿਲੀ ਨਾਲ ਚਲਾ ਰਿਹਾ ਹੈ, ਜਿਵੇਂ ਕਹਿਣਾ ਹੈ, "ਖੈਰ, ਹੋ ਸਕਦਾ ਹੈ ਕਿ ਕੋਈ ਮੇਰੇ ਬਾਰੇ ਸੱਚਮੁੱਚ ਉਦਾਸ ਹੋਵੇ, ਹੋ ਸਕਦਾ ਹੈ ਕਿ ਉਹ ਆ ਕੇ ਬਚ ਜਾਣ"? ਪਰਮੇਸ਼ੁਰ ਨੂੰ ਤੁਹਾਥੋਂ ਕੁਝ ਕਰਾਉਣ ਲਈ ਬੇਨਤੀ ਕਰਨ

ਦੀ ਲੋੜ ਨਹੀਂ ਹੈ। ਕੋਈ ਭੀਖ, ਤੁਹਾਨੂੰ ਭੀਖ ਮੰਗਣ ਦੀ ਲੋੜ ਹੈ, ਪਰਮੇਸ਼ੁਰ ਨੂੰ ਨਹੀਂ।

294 ਅਤੇ ਫਿਰ, ਮਸੀਹ ਉਨ੍ਹਾਂ ਨੂੰ ਬਚਾਉਣ ਲਈ ਮਰਿਆ ਜੋ ਪਰਮੇਸ਼ੁਰ ਨੇ, ਪੂਰਵ-ਗਿਆਨ ਦੁਆਰਾ, ਬਿਨਾਂ ਦਾਗ ਜਾਂ ਝੁਰੜੀਆਂ ਦੇ ਉਸ ਨੂੰ ਮਿਲਣ ਲਈ ਚੁਣੇ ਗਏ। ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ, ਉਸਨੇ ਤੁਹਾਨੂੰ ਮਹਿਮਾ ਵਿੱਚ ਵੇਖਿਆ ਸੀ। ਇਹ ਉਹ ਹੈ ਜੋ ਬਾਈਬਲ ਨੇ ਕਿਹਾ, ਅਫ਼ਸੀਆਂ, ਪਹਿਲਾ ਅਧਿਆਇ। 5ਵਾਂ ਅਧਿਆਇ, ਪਹਿਲੀ ਆਇਤ। ਪਰਮੇਸ਼ੁਰ ਨੇ ਪੂਰਵ-ਗਿਆਨ ਦੁਆਰਾ ਠਹਿਰਾਇਆ।

295 ਹੁਣ, ਜੇ ਪਰਮੇਸ਼ੁਰ ਨੇ ਅਜਿਹਾ ਕੀਤਾ ਕਿ, ਸਾਨੂੰ ਸੰਸਾਰ ਦੀ ਨੀਂਹ ਤੋਂ ਪਹਿਲਾਂ ਹੀ ਠਹਿਰਾਇਆ, ਅਤੇ ਸੰਸਾਰ ਦੀ ਨੀਂਹ ਤੋਂ ਪਹਿਲਾਂ, ਸਾਡੇ ਵਿੱਚੋਂ ਹਰ ਇੱਕ ਨੂੰ ਨਾਮ ਨਾਲ ਜਾਣਿਆ, ਅਤੇ ਸਾਨੂੰ ਸਦੀਪਕ ਜੀਵਨ ਲਈ ਚੁਣਿਆ, ਅਤੇ ਸਾਨੂੰ ਛੁਡਾਉਣ ਲਈ ਯਿਸੂ ਮਸੀਹ ਨੂੰ ਭੇਜਿਆ, ਜਿਸ ਨੇ, ਛੇ ਹਜ਼ਾਰ ਸਾਲ ਪਹਿਲਾਂ, ਉਸ ਨੇ ਸਾਨੂੰ ਦੇਖਿਆ, ਤਾਂ ਜੋ ਅਸੀਂ ਉਸ ਦੀ ਮਹਿਮਾ ਵਿੱਚ ਪ੍ਰਗਟ ਹੋ ਸਕੀਏ, ਤੁਸੀਂ ਕਿਵੇਂ ਕਦੇ ਨਾਸ਼ ਹੋ ਸਕਦੇ ਹੋ?

296 ਹੁਣ, ਜੇਕਰ ਤੁਸੀਂ ਬਚਾਏ ਗਏ ਹੋ, ਤਾਂ ਤੁਸੀਂ ਬਚਾਏ ਗਏ। ਜੇ ਪਰਮੇਸ਼ੁਰ ਤੁਹਾਨੂੰ ਅੱਜ ਰਾਤ ਬਚਾਉਂਦਾ ਹੈ, ਇਹ ਜਾਣਦੇ ਹੋਏ ਕਿ ਉਹ ਤੁਹਾਨੂੰ ਅੱਜ ਤੋਂ ਦਸ ਸਾਲ ਬਾਅਦ ਗੁਆ ਦੇਵੇਗਾ, ਉਹ ਆਪਣੇ ਖੁਦ ਦੇ ਮਕਸਦ ਨੂੰ ਮਾਤ ਦੇ ਰਿਹਾ ਹੈ; ਅਨੰਤ, ਸਰਬਸ਼ਕਤੀਮਾਨ, ਸਦੀਪਕ, ਸਦੀਵੀ ਬੁੱਧ, ਪਰਮੇਸ਼ੁਰ, ਉਸ ਵੇਲੇ ਇਹ ਨਹੀਂ ਜਾਣਦਾ ਸੀ ਕਿ ਕੀ ਤੁਸੀਂ ਥੰਮ੍ਹ ਰੱਖੋਗੇ ਜਾਂ ਨਹੀਂ। ਤਦ, ਜਦੋਂ ਉਹ ਤੁਹਾਨੂੰ ਬਚਾਉਂਦਾ ਹੈ, ਅਤੇ ਆਖਦਾ ਹੈ, "ਖੈਰ, ਮੈਂ ਉਸਨੂੰ ਪਰਤਾਵਾਂਗਾ, ਅਤੇ ਵੇਖਾਂਗਾ ਕਿ ਉਹ ਕੀ ਕਰੇਗਾ," ਤਾਂ ਫਿਰ ਉਹ ਮੁੱਢ ਤੋਂ ਅੰਤ ਨੂੰ ਨਹੀਂ ਜਾਣਦਾ। ਪਰਮੇਸ਼ੁਰ ਜਾਣਦਾ ਹੈ ਕਿ ਉਹ ਕੀ ਕਰ ਰਿਹਾ ਹੈ, ਤੁਸੀਂ ਇਸ ਬਾਰੇ ਚਿੰਤਾ ਨਾ ਕਰੋ। ਇਹ ਤੁਸੀਂ ਅਤੇ ਮੈਂ ਲੜਖੜਾਉਂਦੇ ਹਾਂ। ਪਰਮੇਸ਼ੁਰ ਜਾਣਦਾ ਹੈ ਕਿ ਉਹ ਕੀ ਕਰ ਰਿਹਾ ਹੈ। ਅਤੇ ਉਹ ਸਾਨੂੰ ਜਾਣਦਾ ਸੀ…ਕਿ ਕੀ ਅਸੀਂ ਥੰਮ੍ਹੀ ਰੱਖਣਗੇ, ਜਾਂ ਅਸੀਂ ਕੀ ਕਰਾਂਗੇ।

297 ਹੁਣ, ਬਾਈਬਲ ਕਹਿੰਦੀ ਹੈ ਕਿ, ਏਸਾਓ ਅਤੇ ਯਾਕੂਬ, ਦੋਹਾਂ ਵਿੱਚੋਂ ਕਿਸੇ ਵੀ ਬੱਚੇ ਦੇ ਜਨਮ ਤੋਂ ਪਹਿਲਾਂ, ਪਰਮੇਸ਼ੁਰ ਨੇ ਕਿਹਾ, "ਮੈਂ ਇੱਕ ਨੂੰ ਪਿਆਰ ਕਰਦਾ ਹਾਂ, ਅਤੇ ਦੂਜੇ ਨੂੰ ਨਫ਼ਰਤ ਕਰਦਾ ਹਾਂ," ਇਸ ਤੋਂ ਪਹਿਲਾਂ ਕਿ ਉਹਨਾਂ ਨੇ ਆਪਣਾ ਪਹਿਲਾ ਸਾਹ ਵੀ ਲਿਆ, ਤਾਂ ਜੋ ਉਸਦੀ ਚੋਣ ਸੱਚ ਹੋ ਸਕੇ।

298 ਅਬਰਾਹਾਮ ਕੌਣ ਸੀ (ਅਸੀਂ ਕੁਝ ਮਿੰਟਾਂ ਵਿੱਚ ਉਸ ਕੋਲ ਆ ਜਾਵਾਂਗੇ, ਇੱਥੇ।), ਉਹ ਕੌਣ ਸੀ, ਜਿਸਨੂੰ ਪਰਮੇਸ਼ੁਰ ਨੇ ਬੁਲਾਇਆ ਸੀ, ਉਸਨੂੰ ਬਿਨਾਂ

ਕਿਸੇ ਚੀਜ਼ ਦੇ ਬਚਾਇਆ? ਪਰਮੇਸ਼ੁਰ ਮਨੁੱਖ ਨਾਲ ਨੇਮ ਬੰਨ੍ਹਦਾ ਹੈ, ਮਨੁੱਖ ਆਪਣਾ ਨੇਮ ਤੋੜਦਾ ਹੈ। ਪਰ ਪਰਮੇਸ਼ੁਰ ਨੇ ਆਪਣੇ ਨਾਲ ਇਹ ਨੇਮ ਬੰਨ੍ਹਿਆ, ਅਤੇ ਆਪਣੇ ਆਪ ਨਾਲ, ਸਹੁੰ ਖਾਧੀ, ਮਨੁੱਖ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਪਰਮੇਸ਼ੁਰ ਦਾ ਆਪਣਾ ਪੂਰਵ-ਗਿਆਨ ਹੈ, ਉਸਨੇ ਇਹ ਕੀਤਾ, ਕਿਸੇ ਵੀ ਤਰ੍ਹਾਂ।

299 ਹੁਣ ਤੁਸੀਂ ਕਹਿੰਦੇ ਹੋ, "ਠੀਕ ਹੈ, ਭਾਈ ਬ੍ਰਨਹਾਮ, ਫਿਰ ਜੇ ਮੈਂ ਇੱਕ ਮਸੀਹੀ ਬਣ ਜਾਂਦਾ ਹਾਂ, ਤਾਂ ਮੈਂ ਜੋ ਵੀ ਕਰਨਾ ਚਾਹੁੰਦਾ ਹਾਂ ਕਰ ਸਕਦਾ ਹਾਂ?" ਬਿਲਕੁਲ। ਜੇ ਤੁਸੀਂ ਇੱਕ ਮਸੀਹੀ ਹੋ, ਤਾਂ ਜੋ ਵੀ ਤੁਸੀਂ ਕਰਨਾ ਚਾਹੁੰਦੇ ਹੋ ਕਰੋ। ਅਤੇ ਮੈਂ ਗਰੰਟੀ ਦਿੰਦਾ ਹਾਂ, ਤੁਹਾਡੇ ਕੋਲ ਗਲਤ ਕੰਮ ਕਰਨ ਲਈ ਕੋਈ ਇੱਛਾ ਨਹੀਂ ਹੋਵੇਗੀ। ਤੁਸੀਂ ਕੁਝ ਵੀ ਕਰੋ। ਮੈਂ ਹਮੇਸ਼ਾ ਉਹੀ ਕੀਤਾ ਹੈ ਜੋ ਮੈਂ ਚਾਹੁੰਦਾ ਸੀ। ਅਤੇ ਜੇਕਰ ਮੈਂ ਪ੍ਰਭੂ ਦੀ ਸੇਵਾ ਕਰਦਾ ਹਾਂ ਕਿਉਂਕਿ ਮੈਨੂੰ ਡਰ ਹੈ ਕਿ ਮੈਂ ਨਰਕ ਵਿੱਚ ਚਲਾ ਜਾਵਾਂਗਾ, ਤਾਂ ਮੈਂ ਉਸਦੀ ਸਹੀ ਸੇਵਾ ਨਹੀਂ ਕਰ ਰਿਹਾ ਹਾਂ। ਜੇ ਮੈਂ ਆਪਣੀ ਪਤਨੀ ਨਾਲ ਸੱਚਾ ਰਹਿੰਦਾ ਹਾਂ ਕਿਉਂਕਿ ਮੈਨੂੰ ਡਰ ਹੈ ਕਿ ਉਹ ਮੈਨੂੰ ਤਲਾਕ ਦੇਵੇਗੀ, ਮੈਂ ਬਹੁਤ ਚੰਗਾ ਪਤੀ ਨਹੀਂ ਹਾਂ। ਪਰ ਮੈਂ ਉਸਨੂੰ ਕਿਸੇ ਵੀ ਚੀਜ਼ ਲਈ ਦੁਖੀ ਨਹੀਂ ਕਰਾਂਗਾ, ਕਿਉਂਕਿ ਮੈਂ ਉਸਨੂੰ ਪਿਆਰ ਕਰਦਾ ਹਾਂ।

300 ਮਸੀਹ ਦੇ ਨਾਲ ਅਜਿਹਾ ਹੀ ਹੁੰਦਾ ਹੈ, ਜਦੋਂ ਇੱਕ ਆਦਮੀ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੁੰਦਾ ਹੈ। ਇਸ ਲਈ ਨਹੀਂ ਕਿ ਉਸਨੇ ਰੌਲਾ ਪਾਇਆ, ਜ਼ੁਬਾਨਾਂ ਵਿੱਚ ਗੱਲ ਕੀਤੀ, ਜਾਂ ਕੁਝ ਭਾਵਨਾਵਾਂ ਵਿੱਚ; ਪਰ ਉਸਦੇ ਦਿਲ ਵਿੱਚ, ਪਿਆਰ ਆ ਗਿਆ ਅਤੇ ਸੰਸਾਰ ਦੀ ਜਗ੍ਹਾ ਲੈ ਲਈ। ਮੈਂ ਤੁਹਾਨੂੰ ਦੱਸਦਾ ਹਾਂ, ਉਹ ਉਸ ਨੂੰ ਪਿਆਰ ਕਰਦਾ ਹੈ। ਉਹ ਹਰ ਰੋਜ਼ ਉਸ ਦੇ ਨਾਲ ਤੁਰਦਾ ਹੈ। ਤੁਹਾਨੂੰ ਉਸਨੂੰ ਦੱਸਣ ਦੀ ਲੋੜ ਨਹੀਂ ਹੈ, "*ਇਹ* ਕਰਨਾ ਗਲਤ ਹੈ, ਜਾਂ *ਉਹ*, ਜਾਂ *ਹੋਰ*।" ਉਹ ਜਾਣਦਾ ਹੈ ਕਿ ਇਹ ਗਲਤ ਹੈ। ਅਤੇ, ਉਹ ਤੁਰਦਾ ਹੈ, ਉਹ ਪਰਮੇਸ਼ੁਰ ਦੀ ਸੁਤੰਤਰ ਕਿਰਪਾ ਦਾ ਇੱਕ ਠਹਿਰਾਇਆ ਹੋਇਆ ਉਤਪਾਦ ਹੈ। ਬਿਲਕੁਲ।

> *ਕਿਉਂਕਿ ਇਹ ਉਹਨਾਂ ਲਈ ਅਨਹੋਣਾ ਹੈ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ ਅਤੇ…ਸੁਰਗੀ ਦਾਨ ਦਾ…ਸੁਆਦ ਚੱਖਿਆ…*

ਹੁਣ, ਅਸੀਂ ਕਿਸੇ ਸਮੇਂ ਵਿਸ਼ਵਾਸ ਕਰਦੇ ਸੀ ਕਿ ਇਹ ਉਹ ਕੋਈ ਆਦਮੀ ਸੀ ਜੋ ਇੱਕ ਵਾਰ ਉਜਿਆਲਾ ਕੀਤਾ ਗਿਆ ਅਤੇ ਦੁਬਾਰਾ ਡਿੱਗ ਗਿਆ, ਪਰ ਬਾਈਬਲ ਇਸ ਨੂੰ ਇਸ ਤਰ੍ਹਾਂ ਨਹੀਂ ਪੜ੍ਹਦੀ। "ਇਹ ਇੱਕ ਆਦਮੀ ਲਈ

ਬਿਲਕੁਲ ਅਸੰਭਵ ਹੈ,” ਉਹ ਇੱਥੇ ਕਹਿੰਦਾ ਹੈ, “ਜਿਸਨੇ ਪਵਿੱਤਰ ਆਤਮਾ ਪ੍ਰਾਪਤ ਕੀਤਾ ਹੈ, ਉਸਦੇ ਲਈ ਡਿੱਗ ਜਾਣਾ।” ਹੁਣ ਇਸਨੂੰ ਪੜ੍ਹੋ ਅਤੇ ਪਤਾ ਲਗਾਓ ਕਿ ਕੀ ਇਹ ਸਹੀ ਨਹੀਂ ਹੈ। ਇੱਥੇ ਦੇਖੋ, ਲਿਖਤਾਂ ਨੂੰ ਲਵੋ, ਪੂਰਾ ਪਾਠ, ਅਤੇ ਸਮੱਗਰੀ, ਦੀ ਬਜਾਏ ਸੰਦਰਭ ਨੂੰ ਲਵੋ।

301 ਹੁਣ ਉਹ ਇਸ ਬਾਰੇ ਗੱਲ ਕਰਨ ਲੱਗਾ ਹੈ, ਇਹ ਕੀ ਹੈ? “ਚਲੋ ਸੰਪੂਰਨਤਾ ਵੱਲ ਚੱਲੀਏ।” ਹੁਣ, ਉਸਨੇ ਕਿਹਾ, “ਸਰੀਰਕ ਨਹੀਂ, ਇੱਥੇ ਸਿਧਾਂਤਾਂ ਅਤੇ ਬਪਤਿਸਮੇ ਅਤੇ ਸੁਧਾਰਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜਾਂ ਦੀ ਨੀਂਹ ਰੱਖਣ ਲਈ ਨਹੀਂ। ਚਲੋ ਅਜਿਹਾ ਨਾ ਕਰੀਏ। ਚਲੋ ਸੰਪੂਰਨਤਾ ਵੱਲ ਚੱਲੀਏ।” ਵਿਸ਼ਾ *ਸੰਪੂਰਨਤਾ* ਹੈ, ਅਤੇ ਸੰਪੂਰਨਤਾ ਮਸੀਹ ਦੁਆਰਾ ਆਉਂਦੀ ਹੈ। ਅਤੇ ਅਸੀਂ ਮਸੀਹ ਵਿੱਚ ਕਿਵੇਂ ਆਏ? ਕਲੀਸਿਯਾ ਵਿਚ ਸ਼ਾਮਲ ਹੋ ਕੇ? “ਇੱਕ ਆਤਮਾ ਦੁਆਰਾ ਸਾਨੂੰ ਸਭਨਾਂ ਨੂੰ ਇੱਕ ਸਰੀਰ ਵਿੱਚ ਬਪਤਿਸਮਾ ਦਿੱਤਾ ਗਿਆ।” ਇਸ ਦੁਆਰਾ ਨਹੀਂ: ਇੱਕ, ਪਰਾਈ ਭਾਸ਼ਾ ਵਿੱਚ ਗੱਲ ਕਰਨ ਦੁਆਰਾ ਨਹੀਂ; ਇੱਕ, ਹੱਥ ਮਿਲਾਉਣ ਨਾਲ ਨਹੀਂ; ਇੱਕ, ਪਾਣੀ ਵਿੱਚ ਬਪਤਿਸਮਾ ਲੈਣ ਨਾਲ ਨਹੀਂ। “ਪਰ ਇੱਕ ਆਤਮਾ ਦੁਆਰਾ ਸਾਨੂੰ ਸਭਨਾਂ ਨੂੰ ਇੱਕ ਸਰੀਰ ਵਿੱਚ ਬਪਤਿਸਮਾ ਦਿੱਤਾ ਗਿਆ।” ਤੁਸੀਂ ਇਹ ਸਮਝ ਗਏ? ਇਹ ਸੰਪੂਰਨਤਾ ਹੈ।

302 ਅਤੇ ਜਦੋਂ ਤੁਸੀਂ ਉਸ ਵਿੱਚ ਆਉਂਦੇ ਹੋ, ਤੁਸੀਂ ਮਸੀਹ ਵਿੱਚ ਹੋ, ਅਤੇ ਸੰਸਾਰ ਤੁਹਾਡੇ ਲਈ ਮਰ ਗਿਆ ਹੈ। ਅਤੇ ਤੁਸੀਂ ਹਰ ਰੋਜ਼ ਲੇਲੇ ਦੇ ਨਾਲ ਚੱਲਦੇ ਹੋ, ਅਤੇ ਤੁਹਾਡੇ ਕਦਮ ਪਰਮੇਸ਼ੁਰ ਦੁਆਰਾ ਨਿਰਧਾਰਤ ਕੀਤੇ ਗਏ ਹਨ, ਕਿ ਕੀ ਕਰਨਾ ਹੈ। ਓਹ, ਅਜ਼ਮਾਇਸ਼ਾਂ ਅਤੇ ਪਰਖਾਂ ਜਿਨ੍ਹਾਂ ਵਿੱਚੋਂ ਅਸੀਂ ਲੰਘਦੇ ਹਾਂ! ਤੁਸੀਂ ਕਹਿੰਦੇ ਹੋ, “ਕੀ ਤੁਹਾਨੂੰ ਪਰਖਿਆ ਜਾਂਦਾ ਹੈ?” ਹਾਂ, ਸ਼੍ਰੀਮਾਨ। ਕੀ ਹੈ…

303 ਕਿਰਪਾ ਉਹ ਹੈ ਜੋ ਪਰਮੇਸ਼ੁਰ ਨੇ ਮੇਰੇ ਲਈ ਕੀਤਾ, ਕੰਮ ਉਹ ਹਨ ਜੋ ਮੈਂ ਪਰਮੇਸ਼ੁਰ ਲਈ ਕਰਦਾ ਹਾਂ। ਹੁਣ, ਉਹ ਇਸ ਤੋਂ ਇੱਕ ਸਿਧਾਂਤ ਬਣਾ ਲੈਣਗੇ, ਉਹ ਸੋਚਦੇ ਹਨ ਕਿ ਉਹ ਕੰਮ ਹਨ ਜੋ ਤੁਹਾਡੇ ਲਈ ਗੁਣਾਂ ਨੂੰ ਜਿੱਤਦੇ ਹਨ। ਜੇ ਇਹ ਹੈ, ਤਾਂ ਇਹ ਮੁਫ਼ਤ ਤੋਹਫ਼ਾ ਨਹੀਂ ਹੈ। ਕਿਰਪਾ ਉਹ ਹੈ ਜੋ ਪਰਮੇਸੁਰ ਨੇ ਤੁਹਾਡੇ ਲਈ ਕੀਤਾ ਹੈ, “ਕਿਰਪਾ ਰਾਹੀਂ ਤੁਸੀਂ ਬਚਾਏ ਗਏ ਹੋ।” ਅਤੇ ਕੰਮ ਉਹ ਹਨ ਜੋ ਤੁਸੀਂ ਉਸ ਕਿਰਪਾ ਦੀ ਕਦਰ ਲਈ ਕਰਦੇ ਹੋ ਜੋ ਉਸਨੇ ਤੁਹਾਡੇ ਉੱਤੇ ਦਿਖਾਈ ਹੈ। ਅਤੇ ਜੇਕਰ ਤੁਸੀਂ ਉਸ ਨੂੰ ਪਿਆਰ ਕਰਦੇ ਹੋ, ਤਾਂ ਤੁਸੀਂ ਪ੍ਰਭੂ ਦੇ ਕੰਮ ਕਰਨਾ ਪਸੰਦ ਕਰਦੇ ਹੋ। ਯਕੀਨਨ, ਕਿਉਂਕਿ, ਫਿਰ, ਤੁਸੀਂ—ਤੁਸੀਂ ਉਸਨੂੰ ਪਿਆਰ ਕਰਦੇ ਹੋ।

304 ਮੇਡਾ ਬ੍ਰੌਏ ਨੂੰ ਮੇਰੀ ਪਤਨੀ ਵਜੋਂ ਸਵੀਕਾਰ ਕਰਨਾ, ਉਸ ਲਈ ਪਿਆਰ ਸੀ। ਉਹ ਕੀ ਕਰਦੀ ਹੈ, ਉਸ ਦੀ ਕਦਰ ਵਿੱਚ: ਉਹ ਇੱਕ ਚੰਗੀ ਔਰਤ ਹੈ, ਘਰ ਰਹਿੰਦੀ ਹੈ, ਬੱਚਿਆਂ ਦੀ ਦੇਖਭਾਲ ਕਰਦੀ ਹੈ, ਅਤੇ ਇੱਕ ਚੰਗਾ ਸੱਚਾ ਜੀਵਨ ਬਤੀਤ ਕਰਦੀ ਹੈ। ਇਹ ਇਸ ਲਈ ਨਹੀਂ ਹੈ ਕਿਉਂਕਿ ਅਸੀਂ ਵਿਆਹੇ ਨਹੀਂ ਹਾਂ; ਅਸੀਂ ਵਿਆਹੇ ਹੋਏ ਹਾਂ। ਪਰ ਉਹ ਇਸਦੀ ਕਦਰ ਵਿੱਚ ਅਜਿਹਾ ਕਰਦੀ ਹੈ। ਜੇ ਉਹ ਹਰ ਰੋਜ਼, ਸ਼ਹਿਰ ਨੂੰ ਜਾਂਦੀ ਹੈ, ਅਤੇ ਹਰ ਦਸ-ਸੈਂਟ ਸਟੋਰ ਵਿੱਚ ਜਾਂਦੀ ਹੈ, ਅਤੇ ਗਲੀਆਂ ਵਿੱਚ ਏਧਰ-ਓਧਰ ਜਾਂਦੀ ਹੈ, ਅਤੇ ਕਦੇ ਵੀ ਬਰਤਨ ਨਹੀਂ ਧੋਂਦੀ, ਜਾਂ ਕੁਝ ਹੋਰ, ਅਸੀਂ ਫਿਰ ਵੀ ਵਿਆਹੇ ਹੋਏ ਹਾਂ। ਬਿਲਕੁਲ। ਜਦੋਂ ਮੈਂ ਆਪਣੀ ਸਹੁੰ ਖਾਧੀ, ਇਸ ਨਾਲ ਇਸਦਾ ਨਬੇੜਾ ਹੋ ਗਿਆ। ਉਹ ਮੇਰੀ ਪਤਨੀ ਹੈ। ਜਦੋਂ ਤੱਕ ਸਾਡੇ ਵਿੱਚ ਜਾਨ ਹੈ, ਉਹ ਮੇਰੀ ਪਤਨੀ ਹੈ। ਇਹ ਉਸਦੀ ਕਸਮ ਹੈ। ਪਰ ਉਹ ਇਸ ਦੀ ਕਦਰ ਵਿੱਚ ਕੀ ਕਰਦੀ ਹੈ: ਉਹ ਘਰ ਰਹਿੰਦੀ ਹੈ, ਅਤੇ ਬੱਚਿਆਂ ਦੀ ਦੇਖਭਾਲ ਕਰਦੀ ਹੈ, ਅਤੇ ਇੱਕ ਅਸਲੀ ਪਤਨੀ ਬਣਨ ਦੀ ਕੋਸ਼ਿਸ਼ ਕਰਦੀ ਹੈ।

305 ਮੈਂ ਭੱਜ ਸਕਦਾ ਹਾਂ ਅਤੇ ਹਰ ਸਮੇਂ ਬਾਹਰ ਜਾ ਸਕਦਾ ਹਾਂ, ਬਸ ਦੇਸ਼ ਭਰ ਵਿੱਚ ਘੁੰਮ ਰਿਹਾ ਹਾਂ, ਅਤੇ ਉਸ ਨੂੰ ਭੁੱਖੀ ਮਰਨ ਦੇਵਾਂ, ਜਾਂ ਕੁਝ ਵੀ, ਬੱਚਿਆਂ ਨੂੰ ਖਾਣੇ ਤੋਂ ਬਿਨਾਂ ਰਹਿਣ ਦੇਵਾਂ; ਅਸੀਂ ਫਿਰ ਵੀ ਵਿਆਹੇ ਹੋਏ ਹਾਂ। ਜੇ ਉਹ ਮੈਨੂੰ ਤਲਾਕ ਵੀ ਦਿੰਦੀ ਹੈ, ਮੈਂ ਅਜੇ ਵੀ ਵਿਆਹਿਆ ਹੋਇਆ ਹਾਂ, ਜਦੋਂ ਤੱਕ ਮੇਰੇ ਸਰੀਰ ਵਿੱਚ ਜਾਨ ਹੈ। ਮੈਂ ਉਹ ਕਸਮ ਖਾਧੀ, "ਜਦ ਤਕ ਮੌਤ ਸਾਨੂੰ ਜੁਦਾ ਨਾ ਕਰੇ।" ਇਹ ਠੀਕ ਹੈ। ਅਸੀਂ ਫਿਰ ਵੀ ਵਿਆਹੇ ਹੋਏ ਹਾਂ। ਪਰ, ਫਿਰ ਵੀ, ਮੈਂ ਪਤੀ ਦਾ ਮਾੜਾ ਬਹਾਨਾ ਬਣਾਉਂਦਾ ਹਾਂ। ਉਹ ਇੱਕ ਪਤਨੀ ਦੇ ਰੂਪ ਵਿੱਚ ਇੱਕ ਮਾੜਾ ਬਹਾਨਾ ਬਣਾਵੇਗੀ। ਇਸ ਲਈ ਜੇਕਰ ਅਸੀਂ ਇੱਕ ਦੂਜੇ ਨੂੰ ਪਿਆਰ ਕਰਦੇ ਹਾਂ, ਤਾਂ ਅਸੀਂ ਇਕੱਠੇ ਜੁੜੇ ਰਹਿੰਦੇ ਹਾਂ ਅਤੇ ਬੋਝ ਨੂੰ ਖਿੱਚਦੇ ਹਾਂ, ਇਕੱਠੇ।

306 ਪਰਮੇਸ਼ੁਰ ਅਤੇ ਉਸਦੀ ਕਲੀਸਿਯਾ ਇਸੇ ਤਰ੍ਹਾਂ ਹੀ ਹੈ। ਜਦੋਂ ਤੁਸੀਂ ਪਰਮੇਸ਼ੁਰ ਦੇ ਰਾਜ ਵਿੱਚ ਜਨਮ ਲੈਂਦੇ ਹੋ, ਤੁਹਾਡੇ ਕੋਲ ਤੁਹਾਡੇ *ਉਤਰਾਅ* ਅਤੇ *ਚੜ੍ਹਾਅ* ਹੋਣਗੇ, ਇਹ ਸੱਚ ਹੈ, ਪਰ ਤੁਸੀਂ ਫਿਰ ਵੀ ਇੱਕ ਮਸੀਹੀ ਹੋਵੋਗੇ, ਤੁਸੀਂ ਫਿਰ ਵੀ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੋਏ ਹੋ। ਹੋ ਸਕਦਾ ਹੈ ਕਿ ਪਰਮੇਸ਼ੁਰ ਨੂੰ ਤੁਹਾਨੂੰ ਧਰਤੀ ਤੋਂ ਜਲਦੀ ਚੁੱਕਣਾ ਪਵੇ।

> *...ਇਹ ਉਹਨਾਂ ਲਈ ਅਨਹੋਣਾ ਹੈ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ, ਅਤੇ ਸੁਰਗੀ ਦਾਨ...ਦਾ ਸੁਆਦ ਚੱਖਿਆ,...*

*...ਕਦੇ ਡਿੱਗਣਾ, ਆਪਣੇ ਆਪ ਤੋਂ ਨਵੇਂ ਸਿਰਿਓਂ ਤੌਬਾ ਕਰਾਉਣੀ;...*

307 ਹੁਣ, ਮੈਂ ਜਾਣਦਾ ਹਾਂ ਕਿ ਤੁਸੀਂ ਕਿੱਥੇ ਸੋਚ ਰਹੇ ਹੋ, ਕਲੀਸਿਯਾ। ਮੈ ਤੁਹਾਨੂੰ ਕੁਝ ਹੋਰ ਮਜਬੂਤੀ ਨਾਲ ਲੈ ਕੇ ਜਾਂਦਾ ਹਾਂ, ਤਾਂ ਜੋ ਕਾਨੂੰਨੀ ਧਿਰੇ ਨੂੰ ਅਸਲ ਵਿੱਚ ਬੰਦ ਕੀਤਾ ਜਾ ਸਕੇ। ਚਲੋ ਇਬਰਾਨੀਆਂ, 10ਵੇਂ ਅਧਿਆਏ ਵੱਲ ਚੱਲੀਏ, ਅਤੇ ਇਸ ਨੂੰ ਥੋੜਾ ਜਿਹਾ ਦੇਖੀਏ।

308 10ਵਾਂ ਅਧਿਆਇ, 26ਵੀਂ ਆਇਤ।

*ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ...ਜਾਣ ਬੁਝ ਕੇ ਪਾਪ ਕਰੀ ਜਾਈਏ, ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ,*

*ਪਰ ਨਿਆਉਂ ਦੀ...ਭਿਆਣਕ ਉਡੀਕ ਅਤੇ ਅੱਗ ਦੀ ਸੜਨ ਬਾਕੀ ਹੈ, ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ।*

*ਜਿਸ ਕਿਸੇ ਨੇ ਮੂਸਾ ਦੀ ਸ਼ਰਾ ਦੀ ਟਾਲਨਾ ਕੀਤੀ ਹੋਵੇ ਓਹ ਦੋਂਹ ਯਾ ਤਿਹੁੰ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ:*

*ਤਾਂ ਤੁਹਾਡੇ ਖਿਆਲ ਵਿੱਚ...ਉਹ ਕਿੰਨੀਕੁ ਹੋਰ ਵੀ ਕਰੜੀ ... ਸਜ਼ਾ ਦੇ ਜੋਗ ਠਹਿਰਾਇਆ ਜਾਵੇਗਾ...ਜਿਹ ਨੇ ਪਰਮੇਸ਼ੁਰ ਦੇ ਪੁੱਤ੍ਰ ਨੂੰ ਪੈਰਾਂ ਹੇਠ ਲਤਾੜਿਆ, ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ, ਐਵੇਂ ਕਿਵੇਂ ਜਾਣਿਆ, ਅਤੇ...ਕਿਰਪਾ ਦੇ ਕੰਮਾਂ ਦਾ ਅਪਜਸ ਕੀਤਾ?*

309 ਹੁਣ ਤੁਸੀਂ ਕਹਿੰਦੇ ਹੋ, "ਇਸ ਬਾਰੇ ਕੀ, ਭਾਈ ਬ੍ਰਨਹਾਮ? ਇਹ ਕਿਵੇਂ ਦਿਖਾਈ ਦਿੰਦਾ ਹੈ?"

ਹੁਣ, ਸਿਰਫ ਪੜ੍ਹਨ ਲਈ, ਮੈਂ ਸੋਚਦਾ ਹਾਂ, "ਲਿਖਤਾਂ *ਇਹ* ਨਹੀਂ ਕਹਿੰਦਿਆਂ।" ਇਹ ਇੱਕ ਮਸੀਹੀ ਬਾਰੇ ਗੱਲ ਨਹੀਂ ਹੋਰ ਰਹੀ ਹੈ। ਇਹ ਉਸ ਆਦਮੀ ਬਾਰੇ ਗੱਲ ਕਰ ਰਿਹਾ ਹੈ ਜਿਸਨੇ ਬਚਨ ਨੂੰ ਸੁਣਿਆ ਅਤੇ ਇਸ ਤੋਂ ਮੂੰਹ ਮੋੜ ਲਿਆ। ਸਮਝੇ?

*ਜੇਕਰ ਅਸੀਂ ਪਾਪ ਕਰਦੇ ਹਾਂ...*(ਪਾਪ ਕੀ ਹੈ? ਅਵਿਸ਼ਵਾਸ।)... *ਜੇ ਅਸੀਂ* ਖੁਸ਼ਖਬਰੀ ਦਾ ਪ੍ਰਚਾਰ ਕਰਨ ਤੋਂ *ਬਾਅਦ ਜਾਣ ਬੁੱਝ ਕੇ* ਅਵਿਸ਼ਵਾਸ ਕਰਦੇ ਹਾਂ, *ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ,*

310 ਪਾਪ ਕੀ ਹੈ? ਅਵਿਸ਼ਵਾਸ। ਸੰਤ ਯੂਹੰਨਾ, ਚੌਥਾ ਅਧਿਆਇ ਪੜ੍ਹੋ। ਯਿਸੂ ਨੇ ਕਿਹਾ, "ਜਿਹੜਾ ਨਿਹਚਾ ਨਹੀਂ ਕਰਦਾ ਉਹ ਦੋਸ਼ੀ ਠਹਿਰ ਚੁੱਕਿਆ।" ਪਾਪ ਸਿਗਰਟ ਪੀਣਾ, ਸ਼ਰਾਬ ਪੀਣਾ, ਵਿਭਚਾਰ ਕਰਨਾ ਨਹੀਂ ਹੈ। ਤੁਸੀਂ ਅਜਿਹਾ ਇਸ ਲਈ ਕਰਦੇ ਹੋ ਕਿਉਂਕਿ ਤੁਸੀਂ ਇੱਕ ਅਵਿਸ਼ਵਾਸੀ ਹੋ। ਇਹ ਸਿਰਫ ਗੁਣ ਹਨ। ਤੁਸੀਂ ਅਜਿਹਾ ਇਸ ਲਈ ਕਰਦੇ ਹੋ ਕਿਉਂਕਿ ਤੁਸੀਂ ਇੱਕ ਅਵਿਸ਼ਵਾਸੀ ਹੋ। ਬਸ ਸਿਗਰਟ ਛੱਡ ਦੇਣਾ, ਸ਼ਰਾਬ ਛੱਡ ਦੇਣੀ, ਅਤੇ ਇਸ ਤਰ੍ਹਾਂ ਦੇ ਕੰਮ ਕਰਨੇ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ—ਤੁਸੀਂ ਇੱਕ ਮਸੀਹੀ ਹੋ। ਇਹ ਸਿਰਫ਼ ਤੁਹਾਡੇ ਪਰਿਵਰਤਨ ਦੇ ਗੁਣ ਹਨ। ਪਰ, ਤੁਸੀਂ ਕਰ ਸਕਦੇ ਹੋ— ਤੁਸੀਂ ਕਿਸੇ ਵੀ ਪਾਸੇ ਜਾ ਸਕਦੇ ਹੋ, ਅਤੇ ਫਿਰ ਵੀ ਨਹੀਂ ਹੋਵੋਗੇ।

311 ਹੁਣ ਧਿਆਨ ਦਿਓ।

> ...ਉਹ ਜੋ *ਜਾਣ ਬੁਝ ਕੇ* ਪਾਪ ਕਰੀ ਜਾਵੇ...

312 ਨਹੀਂ—ਨਹੀਂ, "ਉਸ ਦੇ ਆਪਣੇ ਦਿਲ ਵਿੱਚ ਮਸੀਹ ਨੂੰ ਸਵੀਕਾਰ ਕਰਨ ਦੇ ਬਾਅਦ।" ਬਾਈਬਲ ਇਹ ਨਹੀਂ ਕਹਿੰਦੀ। ਉਸ ਨੇ ਕਿਹਾ, "ਉਹ ਜਿਹੜਾ..."

> ...ਜੇ ਅਸੀਂ ਜਾਣ ਬੁੱਝ ਕੇ ਪਾਪ ਕਰੀ ਜਾਈਏ, *ਜਾਣ ਬੁੱਝ ਕੇ ਅਵਿਸ਼ਵਾਸ ਕਰਦੇ ਹਾਂ*, ਪਿੱਛੋਂ...ਸਤ ਦਾ ਗਿਆਨ ਪਰਾਪਤ ਕਰਨ ਦੇ,...

ਇਸ ਨੂੰ ਸਮਝੇ? ਇੱਕ ਮਸੀਹੀ ਨਾਲ ਗੱਲ ਨਹੀਂ ਕਰ ਰਿਹਾ ਸੀ, ਬਿਲਕੁਲ ਵੀ ਨਹੀਂ।

313 ਕੋਈ ਔਰਤ ਮੇਰੇ ਕੋਲ ਆਈ, ਜਿਆਦਾ ਸਮਾਂ ਨਹੀਂ ਹੋਇਆ, ਅਤੇ ਕਿਹਾ, "ਭਾਈ ਬ੍ਰਨਹਾਮ, ਮੈਂ ਇੱਕ ਮਸੀਹੀ ਹਾਂ, ਪਰ ਮੈਂ ਪਵਿੱਤਰ ਆਤਮਾ ਦੀ ਨਿੰਦਾ ਕੀਤੀ ਹੈ।"

314 ਮੈਂ ਕਿਹਾ, "ਇਹ ਅਸੰਭਵ ਹੈ।" ਇੱਕ ਮਸੀਹੀ ਪਵਿੱਤਰ ਆਤਮਾ ਦੀ ਨਿੰਦਿਆ ਨਹੀਂ ਕਰ ਸਕਦਾ। ਤੁਸੀਂ ਇਹ ਨਹੀਂ ਕਰ ਸਕਦੇ। ਇੱਕ ਮਸੀਹੀ ਆਤਮਾ ਮਸੀਹ ਦੀ ਆਤਮਾ ਦੇ ਨਾਲ ਗਵਾਹੀ ਦਿੰਦੀ ਹੈ। ਸਮਝੇ? ਅਤੇ ਪਰਮੇਸ਼ੁਰ ਦੀ ਹਰੇਕ ਚੀਜ ਨੂੰ, ਤੁਸੀਂ "ਪਰਮੇਸ਼ੁਰ ਦੀ" ਕਹੋਗੇ।

315 ਪਰ ਜੇ ਤੁਸੀਂ ਸੰਸਾਰਿਕ-ਸੋਚ ਵਾਲੇ ਹੋ, ਤਾਂ ਤੁਸੀਂ ਪਵਿੱਤਰ ਆਤਮਾ ਦਾ ਮਜ਼ਾਕ ਉਡਾਓਗੇ ਅਤੇ ਹੱਸੋਗੇ; ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਤੁਸੀਂ ਗਿਰਜੇ ਕਿੰਨੀ ਵਾਰ ਜਾਂਦੇ ਹੋ, ਤੁਸੀਂ ਅਜੇ ਵੀ ਇੱਕ ਪਾਪੀ ਹੋ, ਅਤੇ ਤੁਸੀਂ ਪਵਿੱਤਰ ਆਤਮਾ ਦੀ ਨਿੰਦਿਆ ਕਰ ਰਹੇ ਹੋ। ਜਦੋਂ ਉਨ੍ਹਾਂ ਨੇ ਯਿਸੂ ਨੂੰ

ਉਨ੍ਹਾਂ ਦੇ ਵਿਚਾਰਾਂ ਨੂੰ ਜਾਂਚਦੇ ਹੋਏ ਦੇਖਿਆ, ਤਾਂ ਉਨ੍ਹਾਂ ਨੇ ਕਿਹਾ ਕਿ ਉਹ ਇੱਕ "ਜੋਤਸ਼ੀ" ਸੀ।

316 ਯਿਸੂ ਨੇ ਕਿਹਾ, "ਤੁਸੀਂ...ਮੈਂ ਤੁਹਾਨੂੰ ਇਸਦੇ ਲਈ ਮਾਫ਼ ਕਰ ਦਿਆਂਗਾ, ਪਰ ਜਦੋਂ ਪਵਿੱਤਰ ਆਤਮਾ ਆਵੇਗਾ, ਤੁਸੀਂ ਇਸਦੇ ਵਿਰੁੱਧ ਇੱਕ ਸ਼ਬਦ ਬੋਲੋ, ਇਹ ਤੁਹਾਨੂੰ ਕਦੇ ਮਾਫ਼ ਨਹੀਂ ਕੀਤਾ ਜਾਵੇਗਾ।"

ਕਿਉਂਕਿ, ਉਨ੍ਹਾਂ ਨੇ ਕਿਹਾ, "ਉਸ ਵਿੱਚ ਇੱਕ ਭ੍ਰਿਸ਼ਟ ਆਤਮਾ ਹੈ," ਪਰਮੇਸ਼ੁਰ ਦੀ ਆਤਮਾ ਨੂੰ, "ਇੱਕ ਭ੍ਰਿਸ਼ਟ ਚੀਜ" ਕਹਿ ਰਹੇ ਸਨ।

ਇੱਕ ਮਸੀਹੀ ਅਜਿਹਾ ਨਹੀਂ ਕਰ ਸਕਦਾ। ਇੱਕ ਮਸੀਹੀ ਹਮੇਸ਼ਾ ਪਰਮੇਸ਼ੁਰ ਦੀ ਆਤਮਾ ਨੂੰ "ਧਾਰਮਿਕਤਾ" ਕਹਿ ਕੇ ਬੁਲਾਏਗਾ। ਸਮਝੇ? ਇੱਕ ਮਸੀਹੀ ਪਵਿੱਤਰ ਆਤਮਾ ਦੀ ਨਿੰਦਿਆ ਨਹੀਂ ਕਰ ਸਕਦਾ। ਇਹ ਬਾਹਰੀ ਵਿਅਕਤੀ ਹੈ ਜੋ ਕੁਫ਼ਰ ਬੋਲਦਾ ਹੈ।

317 ਉੱਥੇ ਮਸੀਹੀ ਨਹੀਂ ਖੜ੍ਹੇ ਸਨ। ਇਹ ਧਾਰਮਿਕ ਲੋਕ ਸਨ, ਇਹ ਕੱਟੜ ਯਹੂਦੀ ਸਨ, ਦੈਵਿਕਤਾ ਦੇ ਡਾਕਟਰ ਸਨ, ਅਤੇ ਹੋਰ ਬਹੁਤ ਕੁਝ, ਅਤੇ ਉਹ ਉਸਦਾ ਅਤੇ ਉਸਦੇ ਕੰਮਾਂ ਦਾ ਮਜ਼ਾਕ ਉਡਾ ਰਹੇ ਸਨ, ਪਰਮੇਸ਼ੁਰ ਦੇ ਕੰਮਾਂ ਨੂੰ ਕਹਿ ਰਹੇ ਸਨ, ਕਿ, "ਇੱਕ ਭ੍ਰਿਸ਼ਟ ਆਤਮਾ ਅਜਿਹਾ ਕਰ ਰਹੀ ਸੀ।"

318 ਅਤੇ ਤੁਹਾਡੀ ਸੋਚ ਮੁਤਾਬਕ ਅੱਜ ਕਿੰਨੇ ਲੋਕ ਪਵਿੱਤਰ ਆਤਮਾ ਦੀ ਨਿੰਦਾ ਕਰਦੇ ਹਨ, ਜਿਨ੍ਹਾਂ ਦੇ ਨਾਮ ਨਾਲ ਡੀ.ਡੀ.ਡੀ., ਪੀ.ਐਚ.ਡੀ. ਲਗਾ ਹੋਇਆ ਹੈ? ਕਿੰਨੇ ਵੱਡੇ, ਜਿੱਦੀ ਕੱਟੜ, ਕੈਥੋਲਿਕ, ਪ੍ਰੋਟੈਸਟੈਂਟ, ਗਲੀ ਵਿੱਚ ਜਾਂਦੇ ਹਨ ਅਤੇ ਪਵਿੱਤਰ ਆਤਮਾ ਦੀ ਕਾਰਵਾਈ ਦਾ ਮਜ਼ਾਕ ਉਡਾਉਂਦੇ ਹਨ, ਜਿਵੇਂ ਚਮਕਾਏ ਹੋਏ ਵਿਦਵਾਨਾਂ ਵਾਂਗ, ਅਤੇ ਇੱਕ ਬਟਨ ਵਾਂਗ ਚੀਕਨੇ? ਠੀਕ ਹੈ। ਪਰ ਉਹ ਪਵਿੱਤਰ ਆਤਮਾ ਦਾ ਮਜ਼ਾਕ ਉਡਾਉਂਦੇ ਹਨ, ਅਤੇ ਇਸਲਈ ਉਹ ਇਸਦੀ ਨਿੰਦਾ ਕਰਦੇ ਹਨ।

ਪਰ ਇੱਕ ਨਵੇਂ ਸਿਰਿਓਂ ਜਨਮਿਆ ਮਸੀਹੀ ਅਜਿਹਾ ਨਹੀਂ ਕਰ ਸਕਦਾ। ਉਹ ਕਹੇਗਾ, "ਇਹ ਮੇਰਾ ਭਰਾ ਹੈ। ਇਹ ਜੀਵਤ ਪਰਮੇਸ਼ੁਰ ਦਾ ਆਤਮਾ ਹੈ।" ਇਹ ਠੀਕ ਹੈ। ਇੱਕ ਮਸੀਹੀ ਪਵਿੱਤਰ ਆਤਮਾ ਦੀ ਨਿੰਦਿਆ ਨਹੀਂ ਕਰ ਸਕਦਾ।

319 ਇਹ ਉਹ ਪਾਪੀ ਹੈ ਜੋ ਪਵਿੱਤਰ ਆਤਮਾ ਦੀ ਨਿੰਦਿਆ ਕਰਦਾ ਹੈ; ਅਵਿਸ਼ਵਾਸੀ, *ਪਾਪੀ*, ਇੱਕ "ਅਵਿਸ਼ਵਾਸੀ।" ਇੱਥੇ ਸਿਰਫ਼ ਦੋ ਚੀਜ਼ਾਂ ਹਨ: ਜਾਂ ਤਾਂ ਤੁਸੀਂ ਵਿਸ਼ਵਾਸੀ ਹੋ, ਜਾਂ ਅਵਿਸ਼ਵਾਸੀ ਹੋ।

320 ਹੁਣ, ਇੱਥੇ ਧਿਆਨ ਦਿਓ, ਇਸ ਨੂੰ ਅਸਲ ਤਰੀਕੇ ਨਾਲ ਸਮਝਣ ਲਈ। ਮੇਰੇ ਕੋਲ ਇੱਕ ਦਰਸ਼ਨ ਸੀ ਜੋ ਹਮੇਸ਼ਾ ਮੈਨੂੰ ਪਰੇਸ਼ਾਨ ਕਰਦਾ ਸੀ। ਕਈ ਸਾਲ

ਪਹਿਲਾਂ ਮੈਂ ਉਸ ਨੂੰ ਦੇਖਦਾ ਸੀ। ਮੈਂ ਕਿਹਾ, "ਔਹ, ਜੇ ਇੱਕ ਆਦਮੀ ਨੂੰ ਇੱਕ ਵਾਰ ਪਵਿੱਤਰ ਆਤਮਾ ਮਿਲਦਾ ਹੈ, ਅਤੇ ਫਿਰ ਪਿੱਛੇ ਹਟ ਜਾਂਦਾ ਹੈ, ਤਾਂ ਉਹ ਹਮੇਸ਼ਾ ਲਈ ਨਾਸ਼ ਹੋ ਜਾਵੇਗਾ।" ਮੈਂ ਇਸ ਨੂੰ ਸਮਝ ਨਹੀਂ ਸਕਿਆ ਨਾ ਕੋਈ ਮਤਲਬ ਕੱਢ ਸਕਿਆ।

321 ਮੈਂ ਕਿਹਾ, "ਫਿਰ ਇਹ ਕਿਉਂ ਹੈ ਕਿ ਬਾਈਬਲ ਕਹਿੰਦੀ ਹੈ, ਕਿ, 'ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ ਉਸ ਕੋਲ ਸਦੀਪਕ ਜੀਵਨ ਹੈ, ਸਦੀਪਕ, ਅਤੇ ਕਦੇ ਵੀ ਨਿਆਂ ਲਈ ਨਹੀਂ ਆਵੇਗਾ, ਪਰ ਮੌਤ ਤੋਂ ਪਾਰ ਲੰਘ ਕੇ ਜੀਵਨ ਵਿੱਚ ਚਲਾ ਗਿਆ ਹੈ। ਉਹ ਸਾਰੇ ਜੋ ਪਿਤਾ ਨੇ ਮੈਨੂੰ ਦਿੱਤੇ ਹਨ ਮੇਰੇ ਕੋਲ ਆਉਣਗੇ, ਅਤੇ ਉਹਨਾਂ ਵਿੱਚੋਂ ਕੋਈ ਵੀ ਨਾਸ਼ ਨਹੀਂ ਹੋਵੇਗਾ, ਮੈਂ ਉਹਨਾਂ ਨੂੰ ਅੰਤਮ ਦਿਨਾਂ ਵਿੱਚ ਜੀ ਉਠਾਵਾਂਗਾ। ਕੋਈ ਮਨੁੱਖ ਉਨ੍ਹਾਂ ਨੂੰ ਮੇਰੇ ਹੱਥੋਂ ਨਹੀਂ ਖੋਹ ਸਕਦਾ'? ਇਹ ਇਸ ਨਾਲ ਕਿਵੇਂ ਵੰਡਿਆ ਜਾਂਦਾ ਹੈ? ਮੈਂ ਇਸਨੂੰ ਸਮਝ ਨਹੀਂ ਸਕਿਆ। 'ਇਹ ਉਨ੍ਹਾਂ ਲਈ ਅਸੰਭਵ ਹੈ ਜੋ ਇੱਕ ਵਾਰ ਉਜੀਆਲੇ ਕੀਤੇ ਗਏ।'" ਮੈਂ ਸੋਚਿਆ, "ਕੁਝ ਗਲਤ ਹੈ। ਮੈਂ ਇਸਨੂੰ ਸਮਝ ਨਹੀਂ ਸਕਦਾ।"

ਅਤੇ ਮੈਂ ਕਈ ਸਾਲ ਪਹਿਲਾਂ, ਇੱਕ ਛੋਟੀ ਜਿਹੀ ਪੈਂਟੀਕੋਸਟਲ ਸਭਾ ਵਿੱਚ ਗਿਆ ਸੀ।

322 ਮੇਰਾ ਅਨੁਮਾਨ ਹੈ ਕਿ, ਅੱਜ ਰਾਤ, ਕਲੀਸਿਯਾ ਵਿੱਚ ਇੱਕ ਵੀ ਨਹੀਂ ਬਚਿਆ ਹੈ, ਜਿਸਨੂੰ ਇਹ ਯਾਦ ਹੈ। ਕਈ ਸਾਲ ਪਹਿਲਾਂ, ਇਹ ਕਰੀਬ ਡੇਰੇ ਦੀ ਉਸਾਰੀ ਦਾ ਸਮਾਂ ਸੀ। ਨਹੀਂ ਤਾਂ, ਇਹ ਉੱਥੇ ਭਾਈ ਗ੍ਰਾਹਮ ਹੋਵੇਗਾ, ਜਾਂ ਕੋਈ। ਮੈਨੂੰ ਨਹੀਂ ਪਤਾ, ਤੁਸੀਂ ਪਹਿਲਾਂ ਇੱਥੇ ਸੀ, ਜਾਂ ਨਹੀਂ, ਭਰਾਵੋ। ਭਾਈ ਮਹੋਨੀ, ਮੈਨੂੰ ਲੱਗਦਾ ਹੈ, ਸੀ। ਹਾਂ। ਮੇਰੇ ਵਿਆਹ ਤੋਂ ਠੀਕ ਪਹਿਲਾਂ।

323 ਉਹ ਤੋਹਫ਼ਾ ਕੰਮ ਕਰ ਰਿਹਾ ਸੀ, ਮੈਂ ਡਰਿਆ ਹੋਇਆ ਸੀ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਇਹ ਸ਼ੈਤਾਨ ਵੱਲੋਂ ਸੀ। ਮੈਨੂੰ ਉਦੋਂ ਤੱਕ ਪਤਾ ਨਹੀਂ ਸੀ ਜਦੋਂ ਤੱਕ ਪ੍ਰਭੂ ਦੇ ਦੂਤ ਨੇ ਮੈਨੂੰ ਨਹੀਂ ਦੱਸਿਆ।

324 ਮੈਂ ਮਿਸ਼ਾਵਾਕਾ ਗਿਆ, ਅਤੇ ਮੈਂ ਉਸ ਸਭਾ ਵਿੱਚ ਬੈਠ ਗਿਆ, ਅਤੇ ਮੈਂ ਕਦੇ ਵੀ ਇੰਨਾ ਚੀਕਣਾ ਅਤੇ ਰੋਣਾ ਅਤੇ ਪਰਮੇਸ਼ੁਰ ਦੀ ਉਸਤਤ ਕਰਦੇ ਨਹੀਂ ਸੁਣਿਆ। ਮੈਂ ਸੋਚਿਆ, "ਭਾਈ, ਇਹ ਸਵਰਗ ਹੈ।" ਅਤੇ, ਔਹ, ਉਹ ਕਿਵੇਂ ਉੱਪਰ-ਅਤੇ-ਹੇਠਾਂ ਜਾਂਦੇ ਸਨ।

325 ਉਹਨਾਂ ਨੂੰ ਇਹ ਉੱਤਰ ਵਿੱਚ ਕਰਨਾ ਪਿਆ, ਅਲੱਗ ਹੋਣ ਕਾਰਨ। ਕਾਲੇ ਅਤੇ ਚਿੱਟੇ ਇਕੱਠੇ ਸਨ। ਪੀ.ਏ. ਡਬਲਯੂ. ਅਤੇ ਪੀ.ਏ. ਦਾ ਜੇ.ਸੀ. ਅਸਲ ਵਿੱਚ ਅਭੇਦ ਹੋ ਗਿਆ ਸੀ ਅਤੇ ਸੰਯੁਕਤ ਪੈਂਟੀਕੋਸਟਲ ਬਣ ਗਿਆ ਸੀ। ਪਰ

ਮਿਸ਼ਾਵਾਕਾ ਵਿਖੇ ਭਾਈ ਰੋਵੇ ਦੇ ਤੰਬੂ ਵਿੱਚ, ਉਨ੍ਹਾਂ ਨੂੰ ਕਿੰਨੀ ਬੇਦਾਰੀ ਮਿਲ ਰਹੀ ਸੀ। ਅਤੇ ਮੈਂ, ਇੱਕ ਛੋਟਾ ਜਿਹਾ ਉਤਸੁਕ ਸਾਥੀ, ਪਿਛਲੀ ਸੀਟ ਤੇ ਬੈਠਾ, ਇਹ ਸਭ ਦੇਖ ਰਿਹਾ ਸੀ। ਮੈਂ ਇਹ ਚੀਜ਼ਾਂ ਪਹਿਲਾਂ ਕਦੇ ਨਹੀਂ ਦੇਖੀਆਂ ਸਨ।

326 ਉੱਥੇ ਇੱਕ ਆਦਮੀ ਬੈਠਾ ਹੋਇਆ ਸੀ...ਮੈਂ ਇਹ ਪਹਿਲਾਂ ਕਦੇ ਜਨਤਕ ਤੌਰ ਤੇ ਨਹੀਂ ਦੱਸਿਆ। ਉੱਥੇ ਇੱਕ ਆਦਮੀ ਇੱਕ ਪਾਸੇ ਖੜ੍ਹਾ ਸੀ, ਅਤੇ ਇੱਕ ਆਦਮੀ ਦੂਜੇ ਪਾਸੇ, ਅਤੇ ਇੱਕ ਹੋਰ ਭਾਸ਼ਾ ਵਿੱਚ ਬੋਲ ਰਿਹਾ ਸੀ, ਅਤੇ ਦੂਜਾ ਇਸਦਾ ਅਰਥ ਕਰ ਰਿਹਾ ਸੀ। ਅਤੇ ਉਹ ਦੱਸ ਰਹੇ ਸਨ ਕਿ ਵੱਖੋ ਵੱਖਰੀਆਂ ਚੀਜ਼ਾਂ ਹੋਣ ਵਾਲੀਆਂ ਸਨ। ਫ਼ੇਰ, *ਇਹ* ਇੱਕ ਭਾਸ਼ਾ ਵਿੱਚ ਬੋਲਦਾ ਸੀ, ਅਤੇ *ਦੂਸਰਾ* ਇਸ ਦਾ ਤਰਜਮਾ ਕਰਦਾ ਸੀ। ਮੈਂ ਸੋਚਿਆ, "ਮੇਰੇ, ਕੀ ਇਹ ਸ਼ਾਨਦਾਰ ਨਹੀਂ ਹੈ!" ਮੈਂ ਸੋਚਿਆ, "ਕਿੰਨਾ ਸ਼ਾਨਦਾਰ! ਉਹ ਦੂਤ ਹੋਣੇ ਚਾਹੀਦੇ ਹਨ, ਜੋ ਆਦਮੀਆਂ ਦੇ ਰੂਪ ਵਿੱਚ ਹੇਠਾਂ ਆਏ ਹੋਏ ਹਨ।"

327 ਖੈਰ, ਮੇਰੇ ਕੋਲ ਘਰ ਆਉਣ ਲਈ ਸਿਰਫ ਇੱਕ ਡਾਲਰ ਅਤੇ ਪਚੱਤਰ ਸੈਂਟ ਸਨ, ਅਤੇ ਮੈਂ—ਮੈਂ—ਮੈਂ ਬੱਸ ਗੈਸ ਦੀ ਇੱਕ ਟੈਂਕੀ ਲੈ ਸਕਦਾ ਸੀ। ਮੈਂ ਉਸ ਰਾਤ ਮੱਕੀ ਦੇ ਖੇਤ ਵਿੱਚ ਸੁੱਤਾ ਸੀ। ਮੈਨੂੰ ਕਿਤਾਬ ਵਿੱਚ ਇਸਦਾ ਕੁਝ ਹਿੱਸਾ ਰੱਖਿਆ ਹੈ, ਪਰ ਸਾਰਾ ਨਹੀਂ, ਕਿਉਂਕਿ ਮੈਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦਾ ਸੀ। ਅਤੇ ਇਸ ਲਈ, ਉਸ ਰਾਤ, ਉਨ੍ਹਾਂ ਨੇ ਕਿਹਾ, "ਸਾਰੇ ਪ੍ਰਚਾਰਕ ਮੰਚ ਤੇ ਆਉਣ।" ਮੈਂ ਮੰਚ ਤੇ ਸੀ। ਮੈਂ ਉਸ ਜਗ੍ਹਾ ਤੇ ਉਦੋਂ ਸਭ ਤੋਂ ਛੋਟੀ ਉਮਰ ਦਾ ਪ੍ਰਚਾਰਕ ਸੀ।

328 ਇਸ ਲਈ, ਅਗਲੀ ਸਵੇਰ, ਉਨ੍ਹਾਂ ਨੇ ਮੈਨੂੰ ਪ੍ਰਚਾਰ ਕਰਨ ਲਈ ਆਉਣ ਲਈ ਕਿਹਾ। ਮੈਂ ਲੁਕ ਗਿਆ। ਤੁਸੀਂ ਜਾਣਦੇ ਹੋ, ਇੱਕ ਕਾਲੇ ਆਦਮੀ ਕਿਹਾ, "ਉਹ ਇੱਥੇ ਹੈ।" ਤੁਹਾਨੂੰ ਇਸ ਦੀ ਕਹਾਣੀ ਯਾਦ ਹੈ, ਜਦੋਂ ਉਸਨੇ ਮੇਰਾ ਉਥੇ ਬੈਠੇ ਹੋਣ ਦਾ ਦਾ ਪਰਦਾਫਾਸ਼ ਕੀਤਾ ਸੀ।

329 ਅਤੇ ਇਸ ਲਈ ਉਸ ਦਿਨ ਪ੍ਰਚਾਰ ਕਰਨ ਤੋਂ ਬਾਅਦ, ਆਲੇ-ਦੁਆਲੇ ਘੁੰਮਦੇ ਹੋਏ, ਮੈਂ ਸੋਚਿਆ "ਜੇ ਮੈਂ ਸਿਰਫ ਉਨ੍ਹਾਂ ਦੋ ਆਦਮੀਆਂ ਤੱਕ ਪਹੁੰਚ ਸਕਾਂ।" ਉਨ੍ਹਾਂ ਨੇ ਸਭਾ ਦੀ ਅਗਵਾਈ ਕੀਤੀ। ਇੱਕ ਖੜ੍ਹਾ ਹੁੰਦਾ ਸੀ ਅਤੇ ਉਸਦਾ ਚਿਹਰਾ ਚਿੱਟਾ ਹੋ ਜਾਂਦਾ ਸੀ; ਉਹ ਪਰਾਈ ਭਾਸ਼ਾ ਵਿੱਚ ਬੋਲਦਾ ਸੀ। ਅਤੇ ਦੂਜਾ ਉਸਦਾ ਤਰਜਮਾ ਕਰਦਾ ਸੀ, ਅਤੇ ਸ਼ਬਦ ਦਿੰਦਾ ਸੀ, "**ਯਹੋਵਾਹ ਇੰਝ ਫ਼ਰਮਾਉਂਦਾ ਹੈ**, 'ਇੱਥੇ ਇੱਕ *ਫਲਾਣਾ-ਫਲਾਣਾ* ਵਿਅਕਤੀ ਹੈ, *ਫਲਾਣੇ-ਫਲਾਣੇ* ਨਾਮ ਦੇ ਨਾਲ, ਜਿਸਨੂੰ *ਇਹ ਫਲਾਣਾ-ਫਲਾਣਾ* ਕੰਮ ਕਰਨਾ ਚਾਹੀਦਾ ਹੈ।'" ਭਾਈ, ਇਹ ਸੱਚ ਸੀ। ਅਤੇ ਦੂਸਰਾ ਉੱਠਦਾ ਸੀ ਅਤੇ ਪਰਾਈ ਭਾਸ਼ਾ ਵਿੱਚ ਬੋਲਦਾ ਸੀ, ਅਤੇ ਉਹ ਤਰਜਮਾ ਕਰਦਾ ਸੀ।

330 ਮੈਂ ਸੋਚਿਆ, "ਔਹ, ਮੇਰੇ, ਕੀ ਇਹ ਸ਼ਾਨਦਾਰ ਨਹੀਂ ਹੈ!" ਇਸ ਲਈ, ਉਸ ਦਿਨ, ਮੈਂ ਸੋਚਿਆ, ਮੈਂ ਬਾਹਰ ਗਿਆ ਅਤੇ ਪ੍ਰਾਰਥਨਾ ਕੀਤੀ। ਮੈਂ ਸੋਚਿਆ, "ਪ੍ਰਭੂ, ਤੁਸੀਂ ਮੇਰੇ ਲਈ ਇਹ ਦੁਬਾਰਾ ਕਰੋ।" ਮੈਨੂੰ ਨਹੀਂ ਪਤਾ ਸੀ ਕਿ ਇਸ ਨੂੰ ਕੀ ਕਹਿਣਾ ਹੈ, ਦਰਸ਼ਨ।

331 ਮੈਂ ਬਾਹਰ ਗਿਆ ਅਤੇ ਪ੍ਰਾਰਥਨਾ ਕੀਤੀ, ਅਤੇ ਪ੍ਰਭੂ ਨੂੰ ਮੇਰੀ ਮਦਦ ਕਰਨ ਲਈ ਕਿਹਾ। ਮੈਂ ਇਮਾਰਤ ਦੇ ਆਲੇ-ਦੁਆਲੇ ਗਿਆ, ਅਤੇ ਮੈਂ ਅਚਾਨਕ ਉਨ੍ਹਾਂ ਵਿੱਚੋਂ ਇੱਕ ਨਾਲ ਮਿਲਿਆ। ਹੁਣ, ਪ੍ਰਭੂ ਮੈਨੂੰ ਚੀਜ਼ਾਂ ਨੂੰ ਜਾਣਨ ਦਾ ਇੱਕ ਤਰੀਕਾ ਦਿੱਤਾ ਹੋਇਆ ਹੈ। ਮੈਂ ਉਸ ਨਾਲ ਹੱਥ ਮਿਲਾਇਆ। ਮੈਂ ਕਿਹਾ, "ਤੁਸੀਂ ਕਿਵੇਂ ਹੋ?"

ਉਸ ਨੇ ਕਿਹਾ, "ਤੁਸੀਂ ਕਿਵੇਂ ਹੋ? ਤੁਹਾਡਾ ਨਾਮ ਕੀ ਹੈ?"

ਅਤੇ ਮੈਂ ਕਿਹਾ, "ਬ੍ਰਨਹਾਮ।"

"ਔਹ," ਉਸ ਨੇ ਕਿਹਾ, "ਤੁਸੀਂ ਉਹ ਨੌਜਵਾਨ ਸਾਥੀ ਹੋ ਜਿਸਨੇ ਅੱਜ ਸਵੇਰੇ ਪ੍ਰਚਾਰ ਕੀਤਾ ਸੀ।"

ਮੈਂ ਕਿਹਾ, "ਹਾਂ, ਸ਼੍ਰੀਮਾਨ।"

332 ਜਦੋਂ ਮੈਂ ਉਸ ਨਾਲ ਗੱਲਬਾਤ ਕੀਤੀ, ਮੈਂ ਉਸ ਦੀ ਆਤਮਾ ਨੂੰ ਫੜ ਲਿਆ। ਅਤੇ ਉਹ ਇੱਕ ਸੱਚਾ ਮਸੀਹੀ ਸੀ, ਬਸ ਇੱਕ ਸ਼ੁੱਧ ਮਸੀਹੀ, ਭਾਈ। ਮੇਰਾ ਮਤਲਬ ਹੈ, ਉਹ ਵਿਸ਼ਵਾਸੀ ਸੀ। ਮੈਂ ਸੋਚਿਆ, "ਔਹ, ਕੀ ਇਹ ਸ਼ਾਨਦਾਰ ਨਹੀਂ ਹੈ!"

333 ਅਤੇ ਉਸ ਤੋਂ ਲਗਭਗ ਇੱਕ ਘੰਟਾ ਬਾਅਦ, ਉੱਥੇ ਕਾਰ ਦੇ ਨੇੜੇ, ਜੋ ਇੱਕ ਵੱਡੀ ਕਾਰ ਦਿੱਖ ਰਹੀ ਸੀ, ਇਸ ਦੇ ਪਿਛਲੇ ਪਾਸੇ "ਸਿਰਫ਼ ਯਿਸੂ" ਲਿਖਿਆ ਹੋਇਆ ਸੀ, ਅਤੇ ਉਸਦੇ ਬਾਹਰ ਦੂਜਾ ਆਦਮੀ ਖੜ੍ਹਾ ਸੀ। ਅਤੇ ਮੈਂ ਬਾਹਰ ਗਿਆ ਅਤੇ ਮੈਂ ਕਿਹਾ, "ਤੁਸੀਂ ਕਿਵੇਂ ਹੋ, ਸ਼੍ਰੀ ਮਾਨ?"

334 ਉਸ ਨੇ ਕਿਹਾ, "ਤੁਸੀਂ ਕਿਵੇਂ ਹੋ?" ਉਸ ਨੇ ਕਿਹਾ, "ਤੁਸੀਂ ਭਾਈ ਬ੍ਰਨਹਾਮ ਹੋ, ਜੋ ਅੱਜ ਸਵੇਰੇ ਬੋਲੇ ਸੀ।"

335 ਮੈਂ ਕਿਹਾ, "ਹਾਂ, ਸ਼੍ਰੀਮਾਨ। ਮੈਂ ਹਾਂ।" ਮੈਂ ਕਿਹਾ, "ਕਹਾਂਗਾ, ਮੈਂ ਪਰਮੇਸ਼ੁਰ ਦੀਆਂ ਉਨ੍ਹਾਂ ਮਹਾਨ ਦਾਤ ਦਾ ਅਨੰਦ ਲੈਂਦਾ ਹਾਂ ਜੋ ਤੁਹਾਡੇ ਦੋ ਭਰਾਵਾਂ ਵਿੱਚ ਕੰਮ ਕਰਦੀਆਂ ਹਨ।"

336 ਉਸ ਨੇ ਕਿਹਾ, "ਤੁਹਾਡਾ ਧੰਨਵਾਦ, ਸ਼੍ਰੀ ਮਾਨ ਬ੍ਰਨਹਾਮ।" ਅਤੇ ਮੈਂ ਉਸਦੀ ਆਤਮਾ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਇੱਕ ਦਰਸ਼ਨ ਆਇਆ। ਅਤੇ ਜੇ ਮੈਂ ਕਦੇ ਕਿਸੇ ਪਖੰਡੀ ਨਾਲ ਗੱਲ ਕੀਤੀ ਹੋਵੇਗੀ, ਤਾਂ ਉਨ੍ਹਾਂ ਵਿੱਚੋਂ ਇੱਕ

ਸੀ। ਉਸ ਦੀ ਪਤਨੀ ਕਾਲੇ-ਵਾਲਾਂ ਵਾਲੀ ਔਰਤ ਸੀ। ਉਹ ਇੱਕ ਸੁਨਹਿਰੇ-ਵਾਲਾਂ ਵਾਲੀ ਔਰਤ ਨਾਲ ਰਹਿ ਰਿਹਾ ਸੀ, ਉਸਦੇ ਦੋ ਬੱਚੇ ਸਨ। ਉਹ ਸੰਸਾਰ ਵਿੱਚ ਕੁਝ ਵੀ ਨਹੀਂ ਇੱਕ ਮਸੀਹੀ ਨਹੀਂ ਸੀ।

337 ਫਿਰ ਮੈਂ ਕਿਹਾ, "ਮੈਂ ਕਿਹਨਾਂ ਵਿੱਚ ਚਲਾ ਗਿਆ ਹਾਂ? ਮੈਂ ਸੋਚਿਆ ਕਿ ਮੈਂ ਦੂਤਾਂ ਵਿੱਚ ਸੀ, ਅਤੇ ਹੁਣ ਮੈਨੂੰ ਲੱਗਦਾ ਹੈ ਕਿ ਮੈਂ ਭੂਤਾਂ ਵਿੱਚਕਾਰ ਹਾਂ। ਕੁਝ ਹੋਇਆ ਹੈ। ਇੱਥੇ ਇੱਕ ਸੀ, ਇੱਕ ਅਸਲ ਮਸੀਹੀ; ਅਤੇ ਉਹੀ ਆਤਮਾ *ਇਸ* ਆਦਮੀ ਉੱਤੇ ਆ ਰਿਹਾ ਸੀ, *ਇਸ* ਆਦਮੀ ਉੱਤੇ ਆ ਰਿਹਾ ਸੀ।" ਮੈਂ ਕਿਹਾ, "ਹੁਣ ਮੈਂ ਪੂਰਾ ਉਲਝ ਗਿਆ ਹਾਂ।" ਮੈਨੂੰ ਨਹੀਂ ਪਤਾ ਸੀ ਕਿ ਕੀ ਕਰਨਾ ਹੈ। ਮੈਂ ਪ੍ਰਭੂ ਅੱਗੇ ਰੋਇਆ ਅਤੇ ਬੇਨਤੀ ਕੀਤੀ। ਮੈਨੂੰ ਨਹੀਂ ਪਤਾ ਸੀ ਕਿ ਕੀ ਸਵੀਕਾਰ ਕਰਨਾ ਹੈ।

338 ਉਹ ਮੈਨੂੰ ਲੈਣ ਜਾ ਰਹੇ ਸਨ…ਮੈਨੂੰ ਪੁੱਛਿਆ ਕਿ ਕੀ ਮੈਨੂੰ ਪਵਿੱਤਰ ਆਤਮਾ ਪ੍ਰਾਪਤ ਹੋਇਆ ਹੈ, ਇਸ ਵਿਅਕਤੀ ਨੇ ਸਵਾਲ ਕੀਤਾ, ਅਤੇ ਮੈਂ ਕਿਹਾ, "ਨਹੀਂ, ਜਨਾਬ, ਜਿਸ ਤਰੀਕੇ ਨਾਲ ਤੁਸੀਂ ਇਹ ਪ੍ਰਾਪਤ ਕੀਤਾ ਹੈ ਉਸ ਤਰ੍ਹਾਂ ਨਹੀਂ।"

ਉਸ ਨੇ ਕਿਹਾ, "ਕੀ ਤੁਸੀਂ ਕਦੇ ਪਰਾਈ ਭਾਸ਼ਾ ਵਿੱਚ ਬੋਲੇ ਹੋ?"

ਮੈਂ ਕਿਹਾ, "ਨਹੀਂ, ਸ਼੍ਰੀਮਾਨ।"

ਉਸ ਨੇ ਕਿਹਾ, "ਫਿਰ ਤੁਹਾਨੂੰ ਇਹ ਨਹੀਂ ਮਿਲਿਆ।"

339 ਤਾਂ ਮੈਂ ਕਿਹਾ, "ਤੁਸੀਂ ਸ਼ਾਇਦ ਸਹੀ ਹੋ, ਮੇਰੇ ਭਾਈ। ਹੋ ਸਕਦਾ ਹੈ ਕਿ ਮੇਰੇ ਕੋਲ ਨਹੀਂ ਹੈ, ਕਿਉਂਕਿ ਮੇਰੇ ਕੋਲ ਉਹ ਨਹੀਂ ਹੈ ਜੋ ਤੁਹਾਡੇ ਕੋਲ ਹੈ।" ਅਤੇ ਕੁਝ ਸਮੇਂ ਬਾਅਦ, ਮੈਂ ਖੁਸ਼ ਸੀ ਕਿ ਮੇਰੇ ਕੋਲ ਨਹੀਂ ਸੀ।

340 ਤਾਂ ਫਿਰ ਮੈਂ ਉਸ ਨੂੰ ਦੇਖਦਾ ਹਾਂ, ਅਤੇ ਮੈਂ ਦੇਖਿਆ ਜਿਸ ਤਰ੍ਹਾਂ ਉਹ ਅੱਗੇ ਵਧ ਰਿਹਾ ਸੀ।

341 ਇਸ ਲਈ, ਇੱਕ ਦਿਨ, ਮੈਂ ਬਹੁਤ ਚਿਰ ਪਹਿਲਾਂ, ਇੱਥੇ ਪ੍ਰਾਰਥਨਾ ਕਰ ਰਿਹਾ ਸੀ। ਮੈਂ ਤੁਹਾਨੂੰ ਦੱਸਾਂਗਾ ਕਿ ਕਿਉਂ, ਜਿਸ ਲਈ ਮੈਂ ਪ੍ਰਾਰਥਨਾ ਕਰ ਰਿਹਾ ਸੀ, ਉਹ ਰਾਏ ਡੇਵਿਸ ਸੀ। ਅਤੇ ਮੈਂ ਇੱਥੇ ਪ੍ਰਾਰਥਨਾ ਕਰ ਰਿਹਾ ਸੀ, ਕਿਉਂਕਿ ਉਸਨੇ ਮੈਨੂੰ "ਇੱਕ ਕਠਪੁਤਲੀ" ਕਿਹਾ ਸੀ, ਅਤੇ ਮੈਂ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰ ਰਿਹਾ ਸੀ ਕਿ ਉਹ ਉਸਨੂੰ ਇਸ ਲਈ ਮਾਫ਼ ਕਰੇ। ਅਤੇ ਉਸ ਨੇ ਉੱਥੇ ਇੱਕ ਛਪਾਈਖਾਨਾ ਸੀ, ਇੱਕ ਅਖਬਾਰ ਲਿਖਿਆ। ਅਤੇ ਉਸ ਛਪਾਈ ਖਾਨੇ ਨੂੰ ਅੱਗ ਲੱਗ ਗਈ ਅਤੇ ਸੜ ਗਿਆ, ਉਸ ਤੋਂ ਦੋ ਰਾਤਾਂ ਬਾਅਦ, ਜਦੋਂ ਉਹ ਇਸਨੂੰ ਚਲਾ ਰਹੇ ਸਨ।

342 ਅਤੇ ਇਸ ਲਈ ਮੈਂ ਗ੍ਰੀਨ ਮਿੱਲ ਦੇ ਪਿੱਛੇ ਇੱਕ ਪੁਰਾਣੀ ਗੁਫਾ ਵਿੱਚ ਖੜ੍ਹਾ ਸੀ। ਮੈਂ ਉੱਥੋਂ ਤੁਰ ਪਿਆ। ਅਤੇ ਮੈਂ ਪ੍ਰਾਰਥਨਾ ਕਰ ਰਿਹਾ ਸੀ, ਦੋ ਦਿਨ ਤੋਂ, ਉੱਥੇ ਸੀ। ਮੈਂ ਆਪਣੀ ਬਾਈਬਲ ਇਕ ਪੁਰਾਣੇ ਲੱਕੜ ਤੇ ਰੱਖ ਦਿੱਤੀ, ਜਿੱਥੇ, ਮੈਂ ਭਾਈ ਵੁੱਡ ਨੂੰ ਦਿਖਾਇਆ, ਬਹੁਤ ਸਮਾਂ ਪਹਿਲਾਂ, ਜਿੱਥੇ ਮੈਂ ਆਪਣੀ ਬਾਈਬਲ ਰੱਖੀ ਸੀ। ਮੈਂ ਲੱਕੜ ਦੇ ਉੱਤੇ ਬੈਠ ਗਿਆ। ਅਤੇ ਹਵਾ ਵਗਣ ਲੱਗੀ। ਮੈਂ ਸੋਚਿਆ, "ਗੁਫਾ ਵਿੱਚ, ਇੰਨਾ ਚਿਰ ਤੋਂ ਹਾਂ, ਮੈਂ ਥੋੜਾ ਜਿਹਾ ਪੜ੍ਹ ਲੈਂਦਾ ਹਾਂ।" ਇਸ ਲਈ ਮੈਂ ਬਾਈਬਲ ਨੂੰ ਫੜ ਲਿਆ ਅਤੇ ਪੜ੍ਹਨਾ ਸ਼ੁਰੂ ਕੀਤਾ, ਅਤੇ ਇਹ ਉਹ ਅਧਿਆਇ ਸੀ ਜਿਸ ਉੱਤੇ ਇਹ ਸੀ। ਖੈਰ, ਮੈਂ ਪੜ੍ਹਨਾ ਸ਼ੁਰੂ ਕਰਦਾ ਹਾਂ, ਅਤੇ ਮੈਂ ਫਿਰ ਹੈਰਾਨ ਹੋਣ ਲਗਾ। ਸਮਝੇ?

*ਕਿਉਂਕਿ ਇਹ ਉਹਨਾਂ ਲਈ ਅਨਹੋਣਾ ਹੈ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ ਅਤੇ...ਪਵਿੱਤਰ ਆਤਮਾ ਵਿੱਚ ਸਾਂਝੀ ਹੋਏ,*

*...ਪਰਮੇਸ਼ੁਰ ਦੇ ਸ਼ੁਭ ਬਚਨ, ਅਤੇ...ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ,*

*ਮਗਰੋਂ ਬੇਮੁਖ ਹੋ ਗਏ ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੋਬਾ ਕਰਾਉਣੀ...ਅਣਹੋਣੀ ਹੈ; ਇਸ ਲਈ ਜੋ ਓਹ ਪਰਮੇਸ਼ੁਰ ਦੇ ਪੁੱਤ੍ਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ।*

343 ਮੈਂ ਸੋਚਿਆ, "ਇਹੀ ਉਹ ਲਿਖਤ ਹੈ।" ਪਰ ਕੁਝ ਮੇਰੇ ਨਾਲ ਰਹਿ ਗਿਆ। ਫਿਰ ਮੈਂ ਸੋਚਣ ਲੱਗ ਪਿਆ, "ਇਹ ਉਹੀ ਥਾਂ ਹੈ ਜਿੱਥੇ ਉਹ ਬੋਲਣਾ ਸ਼ੁਰੂ ਕਰਦਾ ਹੈ, ਸ਼ੁਰੂ ਵਿੱਚ, 'ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ, ਮੁੜ ਕੇ ਨਾ ਧਰੀਏ। ਨਾਲੇ ਪਰਮੇਸ਼ੁਰ ਉੱਤੇ ਨਿਹਚਾ ਕਰਨ ਦੀ,' ਅਤੇ ਇੱਥੇ ਉਹ ਕਹਿੰਦਾ ਹੈ, 'ਉਹਨਾਂ ਤੋਂ ਨਵੇਂ ਸਿਰਿਓਂ ਤੋਬਾ ਕਰਾਉਣੀ। ਪਰ ਆਓ ਇਨ੍ਹਾਂ ਚੀਜ਼ਾਂ ਨੂੰ ਪਿੱਛੇ ਰੱਖ ਕੇ, ਸੰਪੂਰਨਤਾ ਵੱਲ ਚੱਲੀਏ।'" ਫਿਰ ਮੈਂ ਪੜ੍ਹਨਾ ਸ਼ੁਰੂ ਕੀਤਾ। ਫਿਰ ਮੈਂ ਅਗਲੀ ਆਇਤ ਪੜ੍ਹੀ।

*ਜਿਹੜੀ ਭੋਂ ਉਸ ਵਰਖਾ ਨੂੰ ਜੋ ਉਸ ਉੱਤੇ ਵਾਰ ਵਾਰ ਪੈਂਦੀ ਹੈ ਪੀ ਗਈ, ਅਤੇ ਜਿਨ੍ਹਾਂ ਲਈ ਵਾਹੀ ਜਾਂਦੀ ਹੈ ਉਨ੍ਹਾਂ ਦੇ ਜੋਗ ਸਾਗ ਪੱਤ ਉਗਾਉਂਦੀ ਹੈ, ਉਹ ਨੂੰ ਪਰਮੇਸ਼ੁਰ ਤੋਂ ਵਰ ਮਿਲਦਾ ਹੈ:*

*ਪਰ ਜੇ ਉਹ ਕੰਡਿਆਲੀਆਂ ਅਤੇ ਭੱਖੜੇ ਉਤਪਤ ਕਰੇ ਤਾਂ ਅਪਰਵਾਨ ਹੁੰਦੀ ਅਤੇ ਸਰਾਪੀ ਜਾਣ ਦੇ ਨੇੜੇ ਹੈ; ਜਿਹ ਦਾ ਅੰਤ ਭਸਮ ਕੀਤਾ ਜਾਣਾ ਹੈ।*

344 ਅਤੇ ਜਦੋਂ ਮੈਂ ਇਹ ਪੜ੍ਹਿਆ, ਤਾਂ ਕਿਸੇ ਚੀਜ਼ ਨੇ ਮੈਨੂੰ ਹਿਲਾ ਦਿੱਤਾ। ਅਤੇ ਮੈਂ ਸੋਚਿਆ, “ਪ੍ਰਭੂ, ਇਹ ਰਾਏ ਡੇਵਿਸ ਨਾਲ ਸਬੰਧਤ ਨਹੀਂ ਹੈ। ਤੁਸੀਂ ਅਜਿਹਾ ਕਿਉਂ ਕਰੋਗੇ?”

345 ਮੈਂ ਸ਼ੁਰੂ ਕੀਤਾ, ਇੱਕ ਹੋਰ ਪੰਨਾ ਪਰਤਿਆ। ਮੈਨੂੰ ਇਸ ਕੋਲ ਵਾਪਸ ਜਾਣਾ ਪਿਆ, ਦੁਬਾਰਾ, “ਇਹ ਉਹਨਾਂ ਲਈ ਅਸੰਭਵ ਹੈ ਜੋ ਇੱਕ ਵਾਰ ਉਜਿਆਲੇ ਕੀਤੇ ਗਏ ਸਨ,” ਇਸ ਵਿੱਚ ਦੁਬਾਰਾ ਜਾਓ।

346 ਫਿਰ ਮੈਂ ਸੋਚਿਆ, “ਪ੍ਰਭੂ, ਇਹ ਕੀ ਹੈ? ਤੁਹਾਡਾ ਕੀ ਮਤਲਬ ਹੈ, ਪ੍ਰਭੂ?”

347 ਅਤੇ ਮੈਂ ਮੁੜਿਆ ਅਤੇ ਇਸ ਬਾਰੇ ਪ੍ਰਾਰਥਨਾ ਕਰਨ ਲਈ ਆਪਣੀ ਗੁਫਾ ਵਿੱਚ ਵਾਪਸ ਚਲਾ ਗਿਆ। ਅਤੇ ਜਦੋਂ ਮੈਂ ਗਿਆ, ਮੈਂ ਇੱਕ ਸੰਸਾਰ ਨੂੰ ਘੁਮੰਦੇ ਹੋਏ ਦੇਖਿਆ। ਅਤੇ ਇਹ ਸਭ ਸੱਜਿਆ ਹੋਇਆ ਸੀ, ਬਹੁਤ ਵਧੀਆ, ਪੂਰੀ ਦੁਨੀਆ। ਅਤੇ ਮੈਂ ਚਿੱਟੇ ਰੰਗ ਦੇ ਪਹਿਰਾਵੇ ਵਿੱਚ ਇੱਕ ਆਦਮੀ ਨੂੰ ਦੇਖਿਆ, ਉਹ ਆਲੇ-ਦੁਆਲੇ ਘੁੰਮ ਰਿਹਾ ਸੀ, ਉਸਦੇ ਹੱਥ ਵਿੱਚ ਇੱਕ ਝੋਲਾ ਸੀ। ਉਹ ਇਧਰ ਉਧਰ ਜਾ ਕੇ ਬੀਜ ਬੀ ਰਿਹਾ ਸੀ। ਉਹ ਧਰਤੀ ਦੇ ਕੁੱਬ ਦੇ ਕੋਲ ਗਿਆ। ਅਤੇ ਜਿਵੇਂ ਹੀ ਉਹ ਇਸਦੇ ਕੋਲ ਆਇਆ, ਇੱਥੇ ਇੱਕ ਲੜਕਾ ਆਇਆ ਜੋ ਵਧੀਆ ਕਾਲੇ ਕੱਪੜੇ ਪਹਿਨੇ ਹੋਏ ਸੀ, ਇੱਕ ਚੁਸਤ ਦਿੱਖਣ ਵਾਲਾ ਆਦਮੀ, *ਇਸ* ਤਰ੍ਹਾਂ ਨਾਲ ਖਿਸਕਦਾ ਹੋਇਆ, ਵੇਖਦਾ ਹੋਇਆ। ਅਤੇ ਉਸ ਕੋਲ ਇੱਕ ਬੀਜ ਸੀ। ਅਤੇ ਉਹ ਇਸ ਦੇ ਪਿੱਛੇ ਕੁਝ ਸੁੱਟ ਰਿਹਾ ਸੀ, ਜਿਵੇਂ ਉਹ ਧਰਤੀ ਦੇ ਦੁਆਲੇ ਘੁੰਮ ਰਿਹਾ ਸੀ; ਹਰ ਕਿਸੇ ਨੂੰ ਦੇਖ ਰਿਹਾ ਹੈ ਅਤੇ ਸੁੱਟ ਰਿਹਾ ਹੈ। ਮੈਂ ਖੜ੍ਹਾ ਹੋ ਕੇ ਦਰਸ਼ਨ ਨੂੰ ਦੇਖਦਾ ਰਿਹਾ।

348 ਉਸ ਦੇ ਜਾਣ ਤੋਂ ਬਾਅਦ, ਦੁਨੀਆ ਘੁੰਮ ਗਈ, ਅਤੇ ਇੱਕ ਬਹੁਤ ਵੱਡੀ, ਵੱਡੀ ਫਸਲ ਸੀ, ਅਤੇ ਉਹ ਕਣਕ ਦੀ ਫਸਲ ਸੀ। ਅਤੇ ਕਣਕ ਵਿੱਚ ਜੰਗਲੀ ਬੂਟੀ, ਨਦੀਨ ਅਤੇ ਚੀਜ਼ਾਂ ਸਨ।

349 ਉੱਥੇ ਸੋਕਾ ਆਉਂਦਾ ਹੈ। ਅਤੇ, ਔਹ, ਉਹ ਕਣਕ ਕਿਵੇਂ ਆਪਣਾ ਸਿਰ ਚੁੱਕ ਰਹੀ ਸੀ, ਅਤੇ ਪਾਣੀ ਲਈ ਪਿਆਸੀ ਸੀ। ਛੋਟੇ ਨਦੀਨ ਨੇ ਵੀ ਆਪਣਾ ਸਿਰ ਚੁੱਕਿਆ ਹੋਇਆ ਸੀ, ਅਤੇ ਇਹ ਪਾਣੀ ਲਈ ਪਿਆਸਾ ਸੀ। ਹਰ ਕੋਈ ਮੀਂਹ ਲਈ ਪ੍ਰਾਰਥਨਾ ਕਰ ਰਿਹਾ ਸੀ। ਅਤੇ ਕੁਝ ਦੇਰ ਬਾਅਦ, ਇੱਕ ਵੱਡਾ ਬੱਦਲ ਆਇਆ ਅਤੇ ਪੂਰੀ ਧਰਤੀ ਨੂੰ ਸਿੰਜਿਆ। ਅਤੇ ਛੋਟੇ ਨਦੀਨ ਨੇ ਛਾਲ ਮਾਰ ਕੇ ਚੀਕਣਾ ਸ਼ੁਰੂ ਕਰ ਦਿੱਤਾ, “ਪਰਮੇਸ਼ੁਰ ਦੀ ਮਹਿਮਾ! ਹਲਲੂਯਾਹ! ਪ੍ਰਭੂ ਦੀ ਮਹਿਮਾ ਹੋਵੇ!”

350 ਅਤੇ ਛੋਟੀ ਕਣਕ, ਇਹ ਉੱਪਰ ਉਛਲੀ, ਚੀਕਣਾ ਸ਼ੁਰੂ ਕਰ ਦਿੱਤਾ, “ਪਰਮੇਸ਼ੁਰ ਦੀ ਮਹਿਮਾ ਹੋਵੇ! ਪ੍ਰਭੂ ਦੀ ਉਸਤਤਿ ਕਰੋ!”

351 ਅਤੇ ਫਿਰ ਲਿਖਤ ਮੇਰੇ ਕੋਲ ਆਈ, ਜੋ ਮੱਤੀ ਦੀ ਕਿਤਾਬ, 5ਵੇਂ ਅਧਿਆਇ ਅਤੇ 45ਵੀਂ ਆਇਤ ਵਿੱਚ ਪਾਈ ਜਾਂਦੀ ਹੈ। ਅਤੇ ਸੁਣੋ ਕਿ ਯਿਸੂ ਨੇ ਕੀ ਕਿਹਾ, ਮੱਤੀ 5:45 ਵਿੱਚ ।ਅਤੇ ਜਦ ਅਸੀਂ ਪੜ੍ਹ ਰਹੇ ਹਾਂ ਤਾਂ ਧਿਆਨ ਨਾਲ ਸੁਣੋ। ਮੱਤੀ, 5ਵਾਂ ਅਧਿਆਇ ਅਤੇ 45ਵੀਂ, 46ਵੀਂ ਆਇਤ; 44ਵੀਂ, ਸ਼ੁਰੂ ਕਰਨ ਲਈ।

*ਪਰ ਮੈਂ ਤੁਹਾਨੂੰ ਆਖਦਾ ਹਾਂ, ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ, ਜੋ ਤੁਹਾਨੂੰ ਸਰਾਪ ਦਿੰਦੇ ਹਨ ਉਹਨਾਂ ਨੂੰ ਆਸ਼ੀਸ਼ ਦਿਓ, ਅਤੇ ਜੋ ਤੁਹਾਡੇ ਨਾਲ ਨਫ਼ਰਤ ਕਰਦੇ ਹਨ ਉਹਨਾਂ ਨਾਲ ਭਲਿਆਈ ਕਰੋ, ਅਤੇ ਉਹਨਾਂ ਲਈ ਪ੍ਰਾਰਥਨਾ ਕਰੋ ਜੋ ਤੁਹਾਨੂੰ ਵਰਤਦੇ ਹਨ, ਅਤੇ ਤੁਹਾਨੂੰ ਸਤਾਉਂਦੇ ਹਨ;*

*ਤਾਂ ਜੋ ਤੁਸੀਂ…ਆਪਣੇ…ਪਿਤਾ ਦੇ ਜਿਹੜਾ ਸੁਰਗ ਵਿੱਚ ਹੈ ਪੁੱਤ੍ਰ ਹੋਵੋ: ਕਿਉਂ ਜੋ ਉਹ ਆਪਣਾ ਸੂਰਜ…ਬੁਰਿਆਂ ਅਤੇ…ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ…ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ।*

352 ਇਸ ਲਈ, ਤੁਸੀਂ ਦੇਖੋ, ਉਹੀ ਬਾਰਿਸ਼ ਜੋ ਕਣਕ ਨੂੰ ਵਧਾਉਂਦੀ ਹੈ, ਜੰਗਲੀ ਬੂਟੀ ਨੂੰ ਵੀ ਵਧਾਉਂਦੀ ਹੈ। ਅਤੇ, ਇਸ ਲਈ, ਮੇਰੇ ਕੋਲ ਇੱਕ ਤਸਵੀਰ ਹੈ। ਇੱਥੇ ਸਰੀਰਕ ਕਬੂਲ ਕਰਨ ਵਾਲਾ ਹੈ, ਇਹ ਬਿਲਕੁਲ ਕਲੀਸਿਯਾ ਵਿੱਚ ਹੈ। ਪਰ ਉਸਦੇ ਫਲ…ਉਹ ਚੀਕ ਸਕਦਾ ਹੈ, ਛਾਲ ਮਾਰ ਸਕਦਾ ਹੈ, ਨੱਚ ਸਕਦਾ ਹੈ, ਪਰਾਈ ਭਾਸ਼ਾ ਬੋਲ ਸਕਦਾ ਹੈ; ਪਰ ਉਸਦੇ ਫਲ: ਉਹ ਇੱਕ ਜੰਗਲੀ ਬੂਟੀ ਹੈ। ਅਤੇ ਇੱਕ ਹੋਰ ਹੈ, ਜਿਸ ਵਿੱਚ ਉਹੀ ਆਤਮਾ ਹੈ। ਪਵਿੱਤਰ ਆਤਮਾ ਸਿੱਧਾ ਲੋਕਾਂ ਦੇ ਝੁੰਡ ਵਿੱਚ ਉੱਤਰ ਸਕਦਾ ਹੈ, ਅਤੇ ਇੱਕ ਪਖੰਡੀ ਪਵਿੱਤਰ ਆਤਮਾ ਦੁਆਰਾ, ਚੀਕ ਸਕਦਾ ਹੈ, ਬਿਲਕੁਲ ਜਿਵੇਂ ਜੰਗਲੀ ਬੂਟੀ ਭੇਜੇ ਗਏ ਮੀਂਹ ਦੁਆਰਾ ਜੀ ਸਕਦੀ ਹੈ। ਇਹ ਉਹ ਹੈ ਜਿਸ ਬਾਰੇ ਪੌਲੁਸ ਇੱਥੇ ਗੱਲ ਕਰ ਰਿਹਾ ਹੈ। ਪਰ ਜੰਗਲੀ ਬੂਟੀ ਲਈ ਕਣਕ, ਜਾਂ ਕਣਕ ਦਾ ਜੰਗਲੀ ਬੂਟੀ ਬਣਨਾ ਅਸੰਭਵ ਹੈ। ਤੁਸੀਂ ਇਹ ਸਮਝ ਗਏ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.]

*ਕਿਉਂਕਿ ਇਹ ਉਹਨਾਂ ਲਈ ਅਨਹੋਣਾ ਹੈ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ, ਅਤੇ…ਪਵਿੱਤਰ ਆਤਮਾ ਦੇ ਦਾਨ ਵਿੱਚ ਸਾਂਝੀ ਹੋਏ,*

*ਅਤੇ…ਪਰਮੇਸ਼ੁਰ ਦੇ ਸ਼ੁਭ ਬਚਨ, ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ,*

*…ਡਿੱਗ ਕੇ, ਉਹਨਾਂ ਤੋਂ ਨਵੇਂ ਸਿਰਿਓਂ ਤੌਬਾ ਕਰਾਉਣੀ…*

ਸੁਣੋ ਉਸ ਨੇ ਕੀ ਕਿਹਾ।

…ਕਿਉਂ ਜੋ *ਜਿਹੜੀ ਭੋਂ…ਉਸ ਵਰਖਾ ਨੂੰ ਜੋ* ਉਸ ਉੱਤੇ ਵਾਰ ਵਾਰ ਪੈਂਦੀ ਹੈ ਪੀ ਗਈ ਅਤੇ ਜਿਨ੍ਹਾਂ ਲਈ, ਵਾਹੀ ਜਾਂਦੀ ਹੈ;

*ਪਰ…ਜੇ ਉਹ ਕੰਡਿਆਲੀਆਂ ਅਤੇ ਭੱਖੜੇ ਉਤਪਤ ਕਰੇ ਤਾਂ ਅਪਰਵਾਨ ਹੁੰਦੀ;…*

ਹੁਣ, *ਇਸ ਕਾਰਨ* ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ, *ਸਿਆਣਪੁਣੇ* ਦੀ ਵੱਲ*…ਅਗਾਹਾਂ ਵਧਦੇ ਜਾਈਏ; ਅਤੇ ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ,…ਨਾਲੇ ਪਰਮੇਸ਼ੁਰ,* ਉੱਤੇ ਨਿਹਚਾ ਕਰਨ ਦੀ,

*…ਅਸ਼ਨਾਨਾਂ* ਦੀ ਸਿੱਖਿਆ ਦੀ,*…ਹੱਥ ਰੱਖਣ ਦੀ, ਅਤੇ* ਅਜਿਹੀਆਂ ਚੀਜਾਂ;…

353 ਦੇਖੋ, ਸਰੀਰਕ ਵਿਸ਼ਵਾਸੀ, ਉਹਨਾਂ ਦਿਨਾਂ ਵਿੱਚ, ਜਿਵੇਂ ਅੱਜ ਹੈ, ਕਹਿਣਾ ਪਸੰਦ ਕਰਦਾ ਹੈ, "ਅੱਛਾ, ਮੈਂ ਗਿਰਜੇ ਨਾਲ ਸਬੰਧਤ ਹਾਂ। ਮੈਂ ਤੋਬਾ ਕੀਤੀ ਹੈ। ਮੈਂ—ਮੈਂ ਉੱਪਰ ਆਇਆ, ਮੈਂ ਕਬੂਲ ਕੀਤਾ। ਮੈਨੂੰ ਬਪਤਿਸਮਾ ਦਿੱਤਾ ਗਿਆ ਹੈ।" ਵੇਖੋ, ਉਹ ਉਨ੍ਹਾਂ ਸਰੀਰਕ ਸੁਧਾਰਾਂ ਨੂੰ ਮੰਨਦੇ ਹਨ। ਅਤੇ ਇਹ ਕੀ ਕਰਦਾ ਹੈ? ਇਹ ਜੰਗਲੀ ਬੂਟੀ ਪੈਦਾ ਕਰਦਾ ਹੈ।

354 ਸੰਪੂਰਨਤਾ ਕੀ ਕਰਦੀ ਹੈ? ਇਹ ਕਣਕ ਹੈ। ਕਣਕ ਪਰਮੇਸ਼ੁਰ ਦਾ ਬਚਨ ਹੈ। ਉਹ ਇਸ ਨੂੰ ਆਪਣੇ ਬਚਨ ਵਜੋਂ ਵਰਤਦਾ ਹੈ। ਇਹ ਉਸਦਾ ਬੀਜ ਹੈ। ਇਹ ਸਾਹਮਣੇ ਲਿਆਉਂਦਾ ਹੈ।

355 ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਦਿਲ ਵਿਚ ਕਿਹੜਾ ਬੀਜ ਬੀਜਿਆ ਗਿਆ ਹੈ। ਜੇਕਰ ਤੁਸੀਂ ਗਿਰਜੇ ਸਿਰਫ਼ ਇਸ ਲਈ ਆਉਂਦੇ ਹੋ ਕਿਉਂਕਿ ਤੁਸੀਂ ਨਰਕ ਤੋਂ ਡਰਦੇ ਹੋ, ਜੇ ਤੁਸੀਂ ਕਲੀਸਿਯਾ ਵਿਚ ਸ਼ਾਮਲ ਹੁੰਦੇ ਹੋ ਕਿਉਂਕਿ ਤੁਸੀਂ ਨਹੀਂ ਚਾਹੁੰਦੇ—ਤੁਸੀਂ ਨਰਕ ਵਿੱਚ ਨਹੀਂ ਜਾਣਾ ਚਾਹੁੰਦੇ, ਤੁਸੀਂ ਅਜੇ ਵੀ ਇੱਕ ਜੰਗਲੀ ਬੂਟੀ ਹੋ। ਜੇ ਤੁਸੀਂ—ਜੇ ਤੁਸੀਂ ਕਲੀਸਿਯਾ ਵਿੱਚ ਸਿਰਫ਼ ਪ੍ਰਸਿੱਧ ਹੋਣ ਲਈ ਸ਼ਾਮਲ ਹੁੰਦੇ ਹੋ, ਤਾਂ ਤੁਸੀਂ ਅਜੇ ਵੀ ਇੱਕ ਜੰਗਲੀ ਬੂਟੀ ਹੋ। ਜੇ ਤੁਸੀਂ ਇਹ ਸਾਰੀਆਂ ਰਸਮੀ ਚੀਜ਼ਾਂ ਕੀਤੀਆਂ ਹਨ ਜੋ ਕੀਤੀਆਂ ਜਾਣੀਆਂ ਹਨ, ਅਤੇ ਇਹ ਸਭ ਤੁਹਾਡੇ ਕੋਲ ਹੈ, ਤਾਂ ਤੁਸੀਂ ਅਜੇ ਵੀ ਇੱਕ ਜੰਗਲੀ ਬੂਟੀ ਹੋ।

356 ਪਰ ਇੱਕ ਅਸਲੀ, ਸੱਚਾ ਮਸੀਹੀ ਸੰਪੂਰਨਤਾ ਵੱਲ ਵਧਦਾ ਹੈ ਜਦੋਂ ਤੱਕ ਸੰਸਾਰ ਮਰ ਨਹੀਂ ਜਾਂਦਾ ਅਤੇ ਤੁਸੀਂ ਮਸੀਹ ਯਿਸੂ ਵਿੱਚ ਇੱਕ ਨਵਾਂ ਜੀਵ ਨਹੀਂ ਬਣ ਜਾਂਦੇ ਹੋ। ਫਿਰ, ਉਸ ਆਦਮੀ ਲਈ ਕਦੇ ਡਿੱਗਣਾ ਅਸੰਭਵ ਹੈ। ਬਾਈਬਲ ਕੀ ਕਹਿੰਦੀ ਹੈ! ਦੇਖੋ ਕਿ ਇਹ ਬਾਕੀ ਲਿਖਤਾਂ ਨਾਲ ਕਿਵੇਂ ਮੇਲ ਖਾਂਦਾ ਹੈ? ਦੇਖੋ ਕਿ ਇਹ ਇਸ ਨੂੰ ਆਪਣੀ ਥਾਂ ਤੇ ਕਿਵੇਂ ਰੱਖਦਾ ਹੈ?

357 ਇਹ ਇੱਥੇ ਕਿਵੇਂ ਕਹਿ ਸਕਦਾ ਹੈ, "ਜਿਹੜਾ ਮਨੁੱਖ ਇੱਕ ਵਾਰ ਬਚਾਇਆ ਗਿਆ ਹੈ ਉਹ ਕਦੇ ਨਾਸ਼ ਨਹੀਂ ਹੋਵੇਗਾ" ਅਤੇ ਇੱਥੇ ਆ ਕੇ ਕਹਿੰਦਾ ਹੈ, "ਪਰ, ਜੇ ਤੁਸੀਂ ਨਾਸ਼ ਹੋ ਗਏ ਹੋ, ਜਾਂ ਕੁਫ਼ਰ ਬੱਕਦੇ ਹੋ, ਤਾਂ ਇਹ ਅਸੰਭਵ ਹੈ"? ਯਕੀਨਨ, ਜੇਕਰ ਤੁਸੀਂ ਕੁਫ਼ਰ ਬੱਕਣ ਵਾਲੇ ਹੋ, ਤਾਂ ਤੁਸੀਂ ਇੱਕ ਮਸੀਹੀ ਨਹੀਂ ਹੋ।

358 "ਪਰਮੇਸ਼ੁਰ ਦੇ ਆਤਮਾ ਦੇ ਰਾਹੀਂ ਬੋਲ ਕੇ ਕੋਈ ਨਹੀਂ ਆਖਦਾ ਹੈ, ਯਿਸੂ ਸਰਾਪਤ ਹੈ।" ਸੰਤ ਯੁਹੰਨਾ 4...ਜਾਂ ਪਹਿਲਾ ਯੁਹੰਨਾ 4। ਪਰਮੇਸ਼ੁਰ ਦੇ ਆਤਮਾ ਦੇ ਰਾਹੀਂ ਬੋਲ ਕੇ ਕੋਈ ਨਹੀਂ ਆਖਦਾ ਹੈ, ਯਿਸੂ "ਸਰਾਪਤ" ਹੈ। ਪਰਮੇਸ਼ੁਰ ਦੀ, ਹਰੇਕ ਆਤਮਾ, ਜੋ ਮਸੀਹੀ ਕਲੀਸਿਯਾ ਵਿੱਚ ਹੈ, ਹਰ ਗੱਲ ਨਾਲ ਸਹਿਮਤ ਹੈ ਜੋ ਪਰਮੇਸ਼ੁਰ ਨੇ ਕਿਹਾ ਹੈ।

359 ਅਸੀਂ ਇੱਥੇ ਪੜ੍ਹਦੇ ਹਾਂ, ਅਤੇ ਕਹਿੰਦੇ ਹਾਂ, "ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ। ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ।"

360 ਪੁਰਾਣਾ ਸਰੀਰਕ ਮਨ ਕਹਿੰਦਾ ਹੈ, "ਚਮਤਕਾਰਾਂ ਦੇ ਦਿਨ ਬੀਤ ਚੁੱਕੇ ਹਨ। ਮੈਂ *ਡਾ. ਜੋਨਸ* ਹਾਂ।" ਸਮਝੇ? "ਰੱਬੀ ਚੰਗਾਈ ਜਿਹੀ ਕੋਈ ਚੀਜ਼ ਨਹੀਂ ਹੈ। ਦਿਲ ਦੇ-ਧਰਮ ਨਾਂ ਦੀ ਕੋਈ ਚੀਜ ਨਹੀਂ ਹੈ। ਤੁਸੀਂ ਬਸ ਉਤਸਾਹਿਤ ਲੋਕਾਂ ਦਾ ਇੱਕ ਸਮੂਹ ਹੋ। ਤੁਸੀਂ ਭਾਵੁਕ ਹੋ। ਦੇਖੋ, ਇਹ ਸਭ ਕੁਝ ਹੈ। ਇਸ ਵਿੱਚ ਕੁਝ ਵੀ ਨਹੀਂ ਹੈ। ਅਸੀਂ ਪ੍ਰੈਸਬੀਟੇਰੀਅਨ ਹਾਂ। ਅਸੀਂ ਲੂਥਰਨ ਹਾਂ," ਜਾਂ ਇਹ ਜੋ ਵੀ ਹੈ। "ਅਸੀਂ ਜਾਣਦੇ ਹਾਂ ਕਿ ਅਸੀਂ ਕਿੱਥੇ ਖੜ੍ਹੇ ਹਾਂ।"

361 ਪਰ ਪਰਮੇਸ਼ੁਰ ਦਾ ਆਤਮਾ ਕੀ ਕਹਿੰਦਾ ਹੈ? ਯਿਸੂ ਮਸੀਹ, ਇੱਥੇ ਵੀ ਉਹੀ ਹੈ! "ਆਮੀਨ," ਪਰਮੇਸ਼ੁਰ ਦਾ ਆਤਮਾ ਕਹਿੰਦਾ ਹੈ। ਇਹ ਵਚਨ ਨਾਲ ਝੱਟ ਸਹਿਮਤ ਹੁੰਦਾ ਹੈ। ਹਾਂ, ਸ਼੍ਰੀਮਾਨ। ਇਹ ਉੱਥੇ ਹੀ ਹੈ। ਹੁਣ ਸਮਝੇ ਕਿ ਮੇਰਾ ਕੀ ਮਤਲਬ ਹੈ?

362 "ਇਹ ਸਰੀਰਿਕ ਸੁਧਾਰ ਮੌਤ ਦਾ ਕੰਮ ਕਰਦਾ ਹੈ," ਪੌਲੁਸ ਨੇ ਕਿਹਾ ਸੀ।

363 ਪਰ ਜਿੱਥੇ ਜੀਵਨ ਆਇਆ ਹੈ, ਇਹ ਸੰਪੂਰਨਤਾ, "ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ, ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਸਦੀਪਕ ਜੀਵਨ ਹੈ, ਅਤੇ ਉਸ ਉੱਤੇ ਕਦੇ ਵੀ ਸਜਾ ਦਾ ਹੁਕਮ

ਨਹੀਂ ਹੋਵੇਗਾ, ਪਰ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਚਲਾ ਗਿਆ ਹੈ। ਮੈਂ ਉਸਨੂੰ ਸਦੀਪਕ ਜੀਵਨ ਦਿਆਂਗਾ, ਉਸਨੂੰ ਅੰਤਮ ਦਿਨਾਂ ਵਿੱਚ ਉਠਾਵਾਂਗਾ। ਉਹ ਸਾਰੇ ਜੋ ਪਿਤਾ ਨੇ ਮੈਨੂੰ ਦਿੱਤੇ ਹਨ ਮੇਰੇ ਕੋਲ ਆਉਣਗੇ, ਅਤੇ ਉਨ੍ਹਾਂ ਵਿੱਚੋਂ ਕੋਈ ਵੀ ਨਾਸ਼ ਨਹੀਂ ਹੋਵੇਗਾ।" ਨਹੀਂ ਹੋ ਸਕਦਾ।

364 ਇਸ ਲਈ, ਇੱਥੇ ਇਹ ਹੈ ਜੋ ਇਹ ਕਰਦਾ ਹੈ—ਇਹ ਕੀ ਕਰਦਾ ਹੈ। ਲੋਕ ਸੋਚਦੇ ਹਨ ਕਿ ਇਸ ਨਾਲ ਲੋਕ ਢਿੱਲੇ ਪੈ ਜਾਂਦੇ ਹਨ। ਭਾਈ, ਤੁਸੀਂ ਸੱਪ ਦੇ ਫਣ ਹੇਠ ਪਰਮੇਸ਼ੁਰ ਦੀ ਸੇਵਾ ਨਹੀਂ ਕਰ ਸਕਦੇ। ਪਰਮੇਸ਼ੁਰ ਇਹਨਾਂ ਵਿੱਚੋਂ ਇੱਕ ਨਹੀਂ ਹੈ ਜਿਨਾਂ ਕੋਲ ਸੱਪ ਜਿਹਾ ਕਾਲਾ ਕੋਰੜਾ ਹੁੰਦਾ ਹੈ, ਜੋ ਤੁਹਾਨੂੰ ਏਧਰ ਉਧਰ ਚਲਾਵੇ। ਉਹ ਇੱਕ ਪਿਤਾ ਹੈ। ਉਹ ਪਿਆਰ ਹੈ। ਪਰਮੇਸ਼ੁਰ ਪਿਆਰ ਹੈ। ਅਤੇ ਬਾਈਬਲ ਨੇ ਕਿਹਾ, ਸੰਤ ਯੂਹੰਨਾ ਵਿੱਚ, "ਜਿਹੜਾ ਪਿਆਰ ਕਰਦਾ ਹੈ ਉਹ ਪਰਮੇਸ਼ੁਰ ਤੋਂ ਹੈ।"

365 ਤੁਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹੋ। ਮੈਂ ਨਹੀਂ ਕਰਦਾ ਹੋਵਾਂਗਾ, ਜੇ ਮੈਂ ਅੱਜ ਰਾਤੀ ਬਾਹਰ ਜਾਵਾਂ ਅਤੇ—ਅਤੇ ਸ਼ਰਾਬੀ ਹੋ ਜਾਵਾਂ। ਮੈਂ ਆਪਣੀ ਜ਼ਿੰਦਗੀ ਵਿਚ ਕਦੇ ਨਹੀਂ ਪੀਤੀ। ਪਰ ਜੇ ਮੈਂ ਬਾਹਰ ਨਿਕਲਾਂ ਅਤੇ ਸ਼ਰਾਬੀ ਹੋ ਜਾਵਾਂ, ਤਾਂ ਮੈਨੂੰ ਕੋਰੜੇ ਵੱਜਣ ਦਾ ਡਰ ਨਹੀਂ ਹੋਵੇਗਾ। ਇਹ ਕਾਰਨ ਨਹੀਂ ਹੈ ਕਿ ਮੈਂ ਨਹੀਂ ਜਾਂਦਾ—ਜਾਂਦਾ, ਜਾ ਕੇ ਅਜਿਹਾ ਨਹੀਂ ਕਰਦਾ। ਅਜਿਹਾ ਨਾ ਕਰਨ ਦਾ ਕਾਰਨ ਇਹ ਹੈ, ਕਿ ਮੈਂ ਉਸਨੂੰ ਪਿਆਰ ਕਰਦਾ ਹਾਂ। ਉਹ ਮੈਨੂੰ ਪਿਆਰ ਕਰਦਾ ਹੈ। ਇਹ ਸ਼ਰਾ ਦਾ ਕੰਮ ਨਹੀਂ ਹੈ। ਇਹ ਕੁਝ ਅਜਿਹਾ ਨਹੀਂ ਹੈ ਜੋ ਮੈਂ ਕਰਨਾ ਹੈ। ਇਹ ਇਸ ਲਈ ਹੈ ਕਿਉਂਕਿ ਉਸਨੇ ਪਹਿਲਾਂ ਹੀ ਮੇਰੇ ਲਈ ਕੁਝ ਕੀਤਾ ਹੈ, ਅਤੇ ਮੈਂ ਉਸਦੇ ਲਈ ਉਸਨੂੰ ਪਿਆਰ ਕਰਦਾ ਹਾਂ। ਉਥੇ ਤੁਸੀਂ ਹੋ।

366 ਇਸ ਲਈ, ਉੱਥੇ ਉਸ ਆਤਮਾ ਦੇ ਨਾਲ, ਜਿਸਦਾ ਵਾਅਦਾ ਕੀਤਾ ਗਿਆ ਹੈ, "ਮੈਂ ਉਹਨਾਂ ਨੂੰ ਸਦੀਪਕ ਜੀਵਨ ਦਿਆਂਗਾ, ਅਤੇ ਉਹ ਕਦੇ ਨਾਸ ਨਹੀਂ ਹੋਣਗੇ।" ਕੀ ਉਸਨੇ ਝੂਠ ਬੋਲਿਆ ਜਾਂ ਉਸਨੇ ਸੱਚ ਕਿਹਾ? ਉਸਨੇ ਸੱਚ ਦੱਸਿਆ। ਤਾਂ, ਤੁਸੀਂ ਵੇਖਿਆ ਕਿ ਇਸਦਾ ਕੀ ਤਰਜਮਾ ਬਣਦਾ ਹੈ? ਇੱਕ ਵਾਰ ਕਿਰਪਾ ਵਿੱਚ ਆਉਣ ਤੋਂ ਬਾਅਦ ਇੱਕ ਆਦਮੀ ਦਾ ਡਿੱਗਣਾ ਅਸੰਭਵ ਹੈ। ਉਹ ਨਹੀਂ ਕਰ ਸਕਦਾ। ਉਹ ਡਿੱਗ ਸਕਦਾ ਹੈ, ਯਕੀਨਨ, ਪਰ ਦੋਬਾਰਾ ਤੋਬਾ ਕਰਨ ਲਈ ਨਹੀਂ, ਵਾਪਸ ਜਾ ਕੇ ਦੁਬਾਰਾ ਪੁਰਾਣੇ ਕੰਮ ਕਰਨ ਲਈ ਨਹੀਂ।

367 ਇਸ ਲਈ ਤੁਸੀਂ ਸਾਰੇ ਬੇਦਾਰੀ ਤੋਂ ਬੇਦਾਰੀ ਵੱਲ ਘੁੰਮ ਰਹੇ ਹੋ, ਇੱਕ ਥਾਂ ਅਤੇ ਫਿਰ ਦੂਜੀ ਥਾਂ, ਕੀ ਤੁਸੀਂ ਨਹੀਂ ਦੇਖਦੇ ਹੋ ਕਿ ਤੁਸੀਂ ਸਥਿਰ ਨਹੀਂ ਹੋ, ਤੁਸੀਂ

ਸਥਾਪਿਤ ਨਹੀਂ ਹੋ? ਹੁਣ, ਯਕੀਨਨ, ਤੁਸੀਂ ਕਹਿੰਦੇ ਹੋ, "ਭਾਈ ਬ੍ਰਨਹਾਮ, ਮੈਨੂੰ ਨਹੀਂ ਪਤਾ ਕਿ..." ਯਕੀਨਨ ਪਰਮੇਸ਼ੁਰ ਮੈਨੂੰ ਉਹ ਸੇਵਕਾਈ ਨਹੀਂ ਦੇਵੇਗਾ ਜੋ ਉਸ ਨੇ ਮੈਨੂੰ ਦਿੱਤੀ ਹੈ, ਅਤੇ ਫਿਰ ਵੀ ਮੈਨੂੰ ਗਲਤੀ ਵਿੱਚ ਰਹਿਣ ਦੇਵੇ। ਅਤੇ ਜੇ ਇਹ ਵਚਨ ਦੁਆਰਾ ਸਾਬਤ ਨਹੀਂ ਕੀਤਾ ਗਿਆ, ਤਾਂ ਇਹ ਗਲਤੀ ਹੋਵੇਗੀ, ਪਰ ਇਸਦਾ ਸਮਰਥਨ ਕਰਨ ਲਈ *ਇੱਥੇ* ਵਚਨ ਹੈ। ਕਲੀਸਿਯਾ ਨੇ ਕਦੇ ਵੀ ਕੋਈ ਜਗ੍ਹਾ ਨਹੀਂ ਖੁੰਝੀ।

368 ਲੋਕ ਜਾਂਦੇ ਹਨ, ਕਲੀਸਿਯਾ ਵਿਚ ਸ਼ਾਮਲ ਹੁੰਦੇ ਹਨ, ਹੰਗਾਮਾ ਕਰਦੇ ਹਨ, ਲੜਦੇ ਹਨ, ਖਿਝਦੇ ਹਨ ਅਤੇ—ਅਤੇ ਸਭ ਕੁਝ, ਅਤੇ ਕਿਸੇ ਵੀ ਕਿਸਮ ਦਾ ਸਰੀਰਕ ਜੀਵਨ ਜਿਉਂਦੇ ਹਨ, "ਔਹ, ਹਾਂ, ਮੈਂ ਇੱਕ ਮਸੀਹੀ ਹਾਂ।"

369 ਮੈਂ ਅੱਜ ਇੱਕ ਔਰਤ ਦਾ ਇਕਰਾਰ ਸੁਣਿਆ ਜਿਸਨੇ ਮੈਨੂੰ ਦੱਸਿਆ ਕਿ ਉਸਦਾ ਪਤੀ ਇੱਕ ਆਦਮੀ ਨਾਲ ਭੱਜ ਰਿਹਾ ਸੀ। ਉਸ ਨੇ ਉਨ੍ਹਾਂ ਨੂੰ ਥਾਂ-ਥਾਂ, ਫ਼ੜਿਆ ਸੀ। ਅਤੇ ਔਰਤ ਕਹਿੰਦੀ ਹੈ, "ਮੈਂ ਤੁਹਾਨੂੰ ਦੱਸਣ ਜਾ ਰਹੀ ਹਾਂ, 'ਮੈਂ ਇੱਕ ਮਸੀਹੀ ਹਾਂ।'" ਊਂ-ਹੂੰ।

370 ਇੱਥੇ ਜਿੰਮੀ ਓਸਬੋਰਨ ਵੱਲ ਦੇਖੋ, ਐਤਵਾਰ ਦੀ ਸਵੇਰ ਨੂੰ ਇੱਥੇ ਪ੍ਰਚਾਰ ਕਰਦੇ ਹੋਏ; ਅਤੇ ਬੂਗੀ-ਵੂਗੀ, ਰੌਕ-ਐਂਡ-ਰੋਲਡ ਅਤੇ ਹਰ ਚੀਜ਼, ਹਫ਼ਤੇ ਦੌਰਾਨ।

371 ਐਲਵਿਸ ਪ੍ਰੈਸਲੀ ਨੂੰ ਦੇਖੋ, ਯਹੂਦਾ ਇਸਕਰੌਤੀ ਦਾ 1947 ਦਾ ਸੰਸਕਰਣ, ਅਸੈਂਬਲੀਜ ਆਫ਼ ਗੋਡ ਵਿੱਚ ਸ਼ਾਮਲ ਹੋ ਗਿਆ ਹੈ, ਪੇਂਟੇਕੋਸਟਲ, ਪਵਿੱਤਰ ਆਤਮਾ ਲਈ ਪਰਾਈਆਂ ਭਾਸ਼ਾਵਾਂ ਵਿੱਚ ਬੋਲ ਰਹੇ ਹਨ, ਅਤੇ ਪਿਛਲੇ ਪੰਜਾਹ ਸਾਲਾਂ ਵਿੱਚ ਸ਼ਰਾਬ ਦੀਆਂ ਸਾਰੀਆਂ ਦੁਕਾਨਾਂ ਨਾਲੋਂ ਵਧੇਰੇ ਰੂਹਾਂ ਨੂੰ ਦੋਜਖ ਵਿੱਚ ਭੇਜਿਆ ਹੈ। ਦੁਨੀਆ ਭਰ ਦੇ ਛੋਟੇ-ਛੋਟੇ ਅਲੜ੍ਹ ਬੱਚਿਆਂ ਦੇ ਦਿਮਾਗ ਨੂੰ ਵਿਗਾੜਿਆ ਹੈ, ਇੱਥੋਂ ਤੱਕ ਕਿ ਛੋਟੀਆਂ ਕੁੜੀਆਂ ਆਪਣੇ ਅੰਦਰੂਨੀ ਕੱਪੜੇ ਉਤਾਰ ਕੇ ਮੰਚ ਤੇ ਸੁੱਟ ਦਿੰਦੀਆਂ ਹਨ, ਅਤੇ ਉਸ ਤੋਂ ਦਸ਼ਤਖਤ ਕਰਾਉਣ ਲਈ, ਇੰਨਾ ਅਸ਼ਲੀਲ ਕਿ ਉਹ ਉਸਨੂੰ ਟੈਲੀਵਿਜ਼ਨ ਵਿੱਚ ਨਹੀਂ ਦਿਖਾਉਂਦੇ, ਉਸਦੀ ਕਮਰ ਤੋਂ ਹੇਠਾਂ, ਜਿਸ ਤਰ੍ਹਾਂ ਉਸ ਦਾ ਸਰੀਰ ਹੁੰਦਾ ਹੈ। ਪਵਿੱਤਰ ਆਤਮਾ, ਪ੍ਰਮਾਣ ਲਈ, ਪਰਾਈਆਂ ਭਾਸ਼ਾਵਾਂ ਵਿੱਚ ਬੋਲ ਰਿਹਾ ਹੈ? ਔਹ, ਭਾਈ, ਜੇ ਪਵਿੱਤਰ ਆਤਮਾ ਉੱਥੇ ਹੁੰਦਾ, ਤਾਂ ਇਹ ਇਸ ਤਰ੍ਹਾਂ ਕੰਮ ਨਹੀਂ ਕਰਦਾ। ਤੁਸੀਂ ਇਸ ਤੋਂ ਬਿਹਤਰ ਜਾਣਦੇ ਹੋ। ਯਕੀਨਨ ਨਹੀਂ। ਪਰਮੇਸ਼ੁਰ ਸਫਾਈ ਅਤੇ ਸ਼ੁੱਧਤਾ ਅਤੇ ਪਵਿੱਤਰਤਾ ਨੂੰ ਪਸੰਦ ਕਰਦਾ ਹੈ।

372 ਮੈਂ ਆਪਣੇ ਆਪ ਨੂੰ ਇੱਕ ਮਸੀਹੀ ਬਣਾਉਣ ਲਈ ਸਾਫ਼ ਅਤੇ ਸ਼ੁੱਧ ਅਤੇ ਪਵਿੱਤਰ ਕੰਮ ਨਹੀਂ ਕਰਦਾ ਹਾਂ। ਪਰ ਮਸੀਹ, ਮੇਰੇ ਵਿੱਚ, ਮੇਰੇ ਵਿੱਚ ਇਸ

ਤਰ੍ਹਾਂ ਜਿਉਂਦਾ ਹੈ। ਅਤੇ ਮੈਂ ਉਸਨੂੰ ਪਿਆਰ ਕਰਦਾ ਹਾਂ। ਅਤੇ ਜੇਕਰ ਮੈਂ ਕੁਝ ਗਲਤ ਕਰਦਾ ਹਾਂ, ਤਾਂ ਇਹ ਮੇਰੀ ਨਿੰਦਾ ਕਰਦਾ ਹੈ। ਮੈਂ ਉਥੇ ਹੀ ਕਹਿ ਦਿਆਂਗਾ, "ਪਰਮੇਸ਼ੁਰ, ਮੈਨੂੰ ਮਾਫ਼ ਕਰ।" ਹਰ ਰੋਜ਼, ਮੈਨੂੰ ਮਾਫ਼ੀ ਮੰਗਣੀ ਪੈਂਦੀ ਹੈ, ਹਰ ਰੋਜ। ਅਤੇ ਤੁਸੀਂ ਵੀ ਕਰਦੇ ਹੋ। ਯਕੀਨਨ, ਤੁਸੀਂ ਕਰਦੇ ਹੋ।

373 ਪਰ ਹੁਣ ਜੇ ਤੁਸੀਂ—ਜੇ ਤੁਸੀਂ ਸਰੀਰਕ ਹੋ, ਤਾਂ ਤੁਸੀਂ ਪਿੱਛੇ ਇੰਤਜ਼ਾਰ ਕਰੋ, ਕਹੋ, "ਆਹ, ਠੀਕ ਹੈ, ਇਹ ਸਭ ਠੀਕ ਹੈ, ਮੈਂ ਕਲੀਸਿਯਾ ਨਾਲ ਸਬੰਧਤ ਹਾਂ।" ਸਮਝੇ? ਅਤੇ ਫਿਰ ਜਦੋਂ ਤੁਸੀਂ ਕੁਫ਼ਰ ਕਰਦੇ ਹੋ, ਉਦੋਂ ਹੁੰਦਾ ਹੈ ਜਦੋਂ ਤੁਹਾਡੇ ਕੋਲ ਉਹ ਵਿਸ਼ਵਾਸ ਨਹੀਂ ਹੁੰਦਾ ਜੋ ਇੱਕ ਵਾਰ ਸੰਤਾਂ ਨੂੰ ਦਿੱਤਾ ਗਿਆ ਸੀ। ਫਿਰ ਤੁਸੀਂ ਇਸਦਾ ਮਜ਼ਾਕ ਉਡਾਉਂਦੇ ਹੋ, ਅਤੇ ਇਸਨੂੰ ਕਹਿੰਦੇ ਹੋ, "ਇੱਕ ਦੁਸ਼ਟ ਆਤਮਾ।" ਕਹਿੰਦੇ ਹੋ, "ਇਹ ਇੱਕ ਪਵਿੱਤਰ-ਪਖੰਡੀਆਂ ਦਾ ਝੁੰਡ ਹੈ।" ਫਿਰ, ਤੁਸੀਂ ਕਿਰਪਾ ਅਤੇ ਨਿਆਂ ਦੇ ਵਿਚਕਾਰ ਆਪਣੇ ਆਪ ਨੂੰ ਵੱਖ ਕਰ ਲੈਂਦੇ ਹੋ, ਫਿਰ ਤੁਸੀਂ ਹਮੇਸ਼ਾ ਲਈ ਖਤਮ ਹੋ ਜਾਂਦੇ ਹੋ।

374 ਯਿਸੂ ਨੇ ਕਿਹਾ, "ਇਸ ਦੇ ਵਿਰੁੱਧ ਇੱਕ ਸ਼ਬਦ, ਇਸ ਸੰਸਾਰ ਜਾਂ ਆਉਣ ਵਾਲੀ ਦੁਨੀਆਂ ਵਿੱਚ ਕਦੇ ਵੀ ਮੁਆਫ਼ ਨਹੀਂ ਕੀਤਾ ਜਾਵੇਗਾ।" ਅਤੇ ਇੱਕ ਮਸੀਹੀ, ਆਤਮਾ ਤੋਂ ਪੈਦਾ ਹੋਇਆ, ਇਸ ਬਾਰੇ ਬੁਰਾ ਨਹੀਂ ਕਹਿ ਸਕਦਾ, ਕਿਉਂਕਿ ਉਹ ਇਹ ਨਹੀਂ ਕਰ ਸਕਦਾ। ਉਹ ਇਸ ਨਾਲ ਸਹਿਮਤ ਹੈ। ਇਹ ਠੀਕ ਹੈ।

375 ਇਹੀ ਕਾਰਨ ਹੈ ਕਿ ਲੋਕ ਮੈਨੂੰ ਦੱਸਣ ਦੀ ਕੋਸ਼ਿਸ਼ ਕਰਦੇ ਹਨ, ਉਹ ਅੱਗ ਦਾ ਥੰਮ੍ਹ, ਜੋ ਇੱਥੇ ਸਾਡੇ ਨਾਲ ਦਿਖਾਈ ਦਿੰਦਾ ਹੈ, ਉਹ ਕਹਿਣ ਦੀ ਕੋਸ਼ਿਸ਼ ਕਰਦੇ ਹਨ ਕਿ, "ਉਹ ਸ਼ੈਤਾਨ ਸੀ," ਕਿ, "ਇਹ ਸਿਰਫ ਕਲਪਨਾ ਸੀ," ਇਹ ਸਭ। ਪਰ ਕੈਮਰੇ ਨੇ ਸਾਬਤ ਕਰ ਦਿੱਤਾ ਕਿ ਇਹ ਨਹੀਂ ਸੀ। ਅਤੇ ਇਹ ਕੰਮ ਬਿਲਕੁਲ ਬਾਈਬਲ ਉੱਤੇ ਆਧਾਰਿਤ ਹਨ, ਅੱਗ ਦਾ ਉਹੀ ਥੰਮ੍ਹ ਜੋ ਪੌਲੁਸ ਨੂੰ ਦੰਮਿਸਕ ਦੇ ਰਸਤੇ ਵਿੱਚ ਮਿਲਿਆ ਸੀ। ਇਹ ਸਾਰੀਆਂ ਚੀਜ਼ਾਂ ਜੋ ਉਸਨੇ ਉੱਥੇ ਕੀਤੀਆਂ, ਬਾਈਬਲ ਦੇ ਅਨੁਸਾਰ, ਬਿਲਕੁਲ ਉਸੇ ਤਰ੍ਹਾਂ ਕਰ ਰਿਹਾ ਸੀ। ਇਹ ਮਸੀਹ, ਪਰਮੇਸ਼ੁਰ ਦਾ ਪੁੱਤਰ ਹੈ।

376 ਅਤੇ ਜਦੋਂ ਅਸੀਂ ਦੁਬਾਰਾ ਜਨਮ ਲੈਂਦੇ ਹਾਂ, ਸਾਡੇ ਕੋਲ ਸਦੀਪਕ ਜੀਵਨ ਹੁੰਦਾ ਹੈ, ਅਤੇ ਅਸੀਂ ਨਾਸ਼ ਨਹੀਂ ਹੋ ਸਕਦੇ। ਮਨੁੱਖ ਲਈ ਡਿੱਗਣਾ ਅਸੰਭਵ ਹੋਵੇਗਾ। ਇਹ ਉਹ ਹੈ ਜੋ ਬਾਈਬਲ ਨੇ ਕਿਹਾ ਹੈ।

377 ਹੁਣ, ਸੁਣੋ, ਪੌਲੁਸ ਕੀ ਕਹਿੰਦਾ ਹੈ। ਮੈਂ ਇਸਦਾ ਬਾਕੀ ਹਿੱਸਾ ਪੜ੍ਹਾਂਗਾ, ਅਤੇ ਦੇਖਾਂਗਾ ਕਿ ਕੀ ਇਹ ਹੁਣ, ਠੀਕ ਨਹੀਂ ਲੱਗ ਰਿਹਾ ਹੈ। ਚੱਲੋ, ਬੱਸ ਇੱਕ ਮਿੰਟ। 8ਵੀਂ ਆਇਤ।

*ਪਰ ਜੇ ਉਹ ਕੰਡਿਆਲੀਆਂ ਅਤੇ ਭੱਖੜੇ ਉਤਪਤ ਕਰੇ ਤਾਂ ਅਪਰਵਾਨ ਹੁੰਦੀ ਅਤੇ ਸਰਾਪੀ ਜਾਣ ਦੇ ਨੇੜੇ ਹੈ; ਜਿਹ ਦਾ ਅੰਤ ਭਸਮ ਕੀਤਾ ਜਾਣਾ ਹੈ।* (ਇਹ ਅਵਿਸ਼ਵਾਸੀ ਹੈ।)

378 ਹੁਣ ਪੌਲੁਸ ਨੂੰ ਦੇਖੋ। "ਪਰ, ਹੇ ਪਿਆਰਿਓ,..." ਹੁਣ ਉਹ ਉਨ੍ਹਾਂ ਬਾਰੇ ਗੱਲ ਕਰ ਰਿਹਾ ਹੈ ਜੋ ਸ਼ਰਾ ਦੇ ਹੇਠ ਵਾਪਸ ਆਉਣ ਦੀ ਕੋਸ਼ਿਸ਼ ਕਰ ਰਹੇ ਹਨ, ਤੁਸੀਂ ਜਾਣਦੇ ਹੋ, ਸ਼ਰਾ ਦੇ ਸਾਰੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹੋਏ, ਫਿਰ ਵੀ ਉਹ ਓਨੇ ਹੀ ਰੀਤੀ ਰਿਵਾਜ ਕਰਨ ਵਾਲੇ ਸਨ ਜਿੰਨੇ ਉਹ ਹੋ ਸਕਦੇ ਹਨ। ਉਨ੍ਹਾਂ ਕੋਲ ਬਪਤਿਸਮਾ ਅਤੇ ਹੱਥ ਰੱਖਣਾ ਅਤੇ ਇਹ ਸਾਰੀਆਂ ਚੀਜ਼ਾਂ ਹਨ।

*ਪਰ, ਪਿਆਰਿਓ, ਤੁਹਾਡੀ ਵੱਲੋਂ ਸਾਨੂੰ ਇਨ੍ਹਾਂ ਨਾਲੋਂ ਅੱਛੀਆਂ ਗੱਲਾਂ ਦੀ ਆਸ ਹੈ,...*

ਉਥੇ ਤੁਸੀਂ ਹੋ। ਹੁਣ ਉਸ ਨੂੰ ਸੁਣੋ।

*...ਅਤੇ ਉਨ੍ਹਾਂ ਦੀ ਜੋ ਮੁਕਤੀ ਨਾਲ ਸਰਬੰਧ ਰੱਖਦੀਆਂ ਹਨ* ਜਿਨ੍ਹਾਂ ਬਾਰੇ *ਅਸੀਂ ਆਖਦੇ ਹਾਂ।*

*ਕਿਉਂ ਜੋ ਪਰਮੇਸ਼ੁਰ ਕੁਨਿਆਈ ਨਹੀਂ ਜੋ ਤੁਹਾਡੇ ਕੰਮ ਨੂੰ ਅਤੇ ਉਸ ਪ੍ਰੇਮ ਨੂੰ ਭੁੱਲ ਜਾਵੇ, ਜਿਹੜਾ ਤੁਸਾਂ ਉਹ ਦੇ ਨਾਮ ਨਾਲ ਵਿਖਾਇਆ ਭਈ ਤੁਸਾਂ ਸੰਤਾਂ ਦੀ ਸੇਵਾ ਕੀਤੀ, ਨਾਲੇ ਕਰਦੇ ਭੀ ਹੋ।*

379 ਦੇਖੋ ਉਹ ਕਿਸ ਬਾਰੇ ਗੱਲ ਕਰ ਰਿਹਾ ਹੈ? ਉਹ ਮਸੀਹੀਆਂ ਦੇ ਡਿੱਗਣ ਬਾਰੇ ਗੱਲ ਨਹੀਂ ਕਰ ਰਿਹਾ, ਵਾਪਸ ਆਉਣਾ ਅਸੰਭਵ ਹੈ। ਉਹ ਸਰੀਰਕ ਵਿਸ਼ਵਾਸੀਆਂ ਬਾਰੇ ਗੱਲ ਕਰ ਰਿਹਾ ਹੈ ਜੋ ਸੁਧਾਰ ਦੇ ਰੂਪ ਵਿੱਚੋਂ ਲੰਘਦੇ ਹਨ। "ਪਰ," ਉਸ ਨੇ ਕਿਹਾ, "ਤੁਹਾਡੇ ਲਈ ਜੋ ਨਵੇਂ ਸਿਰਿਓਂ ਜੰਮੇਂ ਹੋ, ਤੁਸੀਂ ਜੋ ਮਸੀਹੀ ਹੋ, ਪਿਆਰਿਓ, ਤੁਹਾਡੀ ਵੱਲੋਂ ਸਾਨੂੰ ਇਨ੍ਹਾਂ ਨਾਲੋਂ ਅੱਛੀਆਂ ਗੱਲਾਂ ਦੀ ਆਸ ਹੈ। ਤੁਸੀਂ ਉਹ ਗੱਲਾਂ ਨਾ ਕਹੋ। ਤੁਸੀਂ ਇਸ ਕਿਸਮ ਦੀ ਜ਼ਿੰਦਗੀ ਨਹੀਂ ਜੀਉਂਦੇ। ਤੁਸੀਂ ਮਸੀਹ ਦੇ ਨਾਲ ਸੁਰੱਖਿਅਤ ਹੋ।"

ਉਸਨੇ ਇੱਥੇ ਕੀ ਕਿਹਾ? ਹੁਣ ਆਓ ਇਬਰਾਨੀਆਂ 10 ਵੱਲ ਚੱਲੀਏ, ਜਿੱਥੇ ਅਸੀਂ ਅੱਜ ਸਵੇਰੇ ਸੀ, ਦੁਬਾਰਾ। [ਟੇਪ ਤੇ ਖਾਲੀ ਥਾਂ—ਸੰਪਾ.]

380 ਹੁਣ ਫਿਰ, ਫਿਰ, ਅਫ਼ਸੀਆਂ 4:30 ਵੱਲ ਮੁੜਦੇ ਹਾਂ। ਅਤੇ ਆਓ ਇਸ ਨੂੰ ਲੈਂਦੇ ਹਾਂ, ਸਿਰਫ ਇੱਕ ਮਿੰਟ, ਅਤੇ ਦੇਖਦੇ ਹਾਂ ਕਿ ਇਹ ਕੀ ਕਹਿੰਦਾ ਹੈ, ਇਸਦਾ ਸਮਰਥਨ ਕਰਨ ਲਈ, ਲਿਖਤ ਨੂੰ ਲਿਖਤ ਦੇ ਨਾਲ ਮਿਲਾਉਣ ਲਈ। ਅਫ਼ਸੀਆਂ 4, ਆਓ ਦੇਖੀਏ। ਅਫ਼ਸੀਆਂ 4:30. ਆਓ ਪੜ੍ਹੀਏ ਅਤੇ ਵੇਖੀਏ ਕਿ ਇਹ ਕੀ ਕਹਿੰਦਾ ਹੈ। ਸੁਣੋ।

*...ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਉਦਾਸ ਨਾ ਕਰੋ,...*

ਅਸੀਂ ਸਰੀਰ ਵਿੱਚ ਬਪਤਿਸਮਾ ਕਿਵੇਂ—ਕਿਵੇਂ ਲਿਆ? ਇੱਕ ਆਤਮਾ।

*...ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਤੁਹਾਡੇ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ।*

ਕੀ ਇਹ ਸਹੀ ਹੈ? ਤੁਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ, ਮਸੀਹ ਦੀ ਦੇਹ ਵਿੱਚ ਮੋਹਰਬੰਦ ਹੋ ਗਏ ਹੋ, ਇੱਕ ਬੇਦਾਰੀ ਤੋਂ ਦੂਜੀ ਤਕ ਨਹੀਂ, ਪਰ ਸਰੀਰ ਦੇ ਛੁਟਕਾਰੇ ਦੇ ਦਿਨ ਤੱਕ। ਇਹ ਉਹੀ ਹੈ ਜੋ ਤੁਸੀਂ ਹੋ। ਇਸ ਲਈ, ਤੁਸੀਂ ਕਿਸੇ ਵੀ ਤਰ੍ਹਾਂ ਨਾਸ਼ ਨਹੀਂ ਹੋ ਸਕਦੇ।

381 ਤੁਸੀਂ ਡਰ ਜਾਂਦੇ ਹੋ। ਅਤੇ ਇਹੀ ਕਾਰਨ ਹੈ ਡਰ, ਡਰ, ਡਰ ਸ਼ੱਕ ਨੂੰ ਲੈ ਕੇ ਆਉਂਦਾ ਹੈ।

ਪਿਆਰ ਵਿਸ਼ਵਾਸ ਨੂੰ ਲੈ ਕੇ ਆਉਂਦਾ ਹੈ। ਮੈਂ ਆਪਣੇ ਪਿਤਾ ਨੂੰ ਪਿਆਰ ਕਰਦਾ ਹਾਂ। ਮੈਂ ਉਸ ਤੋਂ ਡਰਦਾ ਨਹੀਂ, ਕਿਉਂਕਿ ਮੈਂ ਉਸ ਨੂੰ ਪਿਆਰ ਕਰਦਾ ਹਾਂ। ਉਹ ਮੈਨੂੰ ਦੁਖੀ ਨਹੀਂ ਕਰੇਗਾ। ਉਹ ਮੇਰੇ ਲਈ ਚੰਗਾ ਹੀ ਕਰੇਗਾ। ਜੇ ਮੈਂ ਉਸ ਤੋਂ ਡਰਦਾ ਸੀ, ਅਤੇ, "ਔਹ, ਮੈਨੂੰ ਨਹੀਂ ਪਤਾ ਕਿ ਉਹ ਇਹ ਕਰੇਗਾ, ਜਾਂ ਨਹੀਂ।" ਸਮਝੇ?

382 ਪਰ ਜੇ ਮੈਂ ਉਸਨੂੰ ਪਿਆਰ ਕਰਦਾ ਹਾਂ, "ਹਾਂ, ਪਿਤਾ ਜੀ, ਮੈਂ—ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਅਤੇ ਮੈਂ ਜਾਣਦਾ ਹਾਂ ਕਿ ਤੁਸੀਂ—ਤੁਸੀਂ ਮੇਰੇ ਪਿਤਾ ਹੋ, ਅਤੇ ਤੁਸੀਂ ਮੈਨੂੰ ਪਿਆਰ ਕਰਦੇ ਹੋ, ਅਤੇ ਮੈਂ ਡਰਦਾ ਨਹੀਂ ਹਾਂ ਕਿਉਂਕਿ ਤੁਸੀਂ ਆਪਣੇ ਬਚਨ ਤੇ ਕਾਇਮ ਰਹੋਗੇ। ਇਹ ਮੇਰੇ ਨਾਲ ਤੁਹਾਡਾ ਵਾਅਦਾ ਹੈ।" ਪਰਮੇਸ਼ੁਰ ਦਾ ਆਤਮ ਇਸੇ ਤਰ੍ਹਾਂ ਕੰਮ ਕਰਦਾ ਹੈ।

383 "ਪਰ, ਔਹ, ਜੇ ਮੈਂ *ਇਹ* ਕੀਤਾ, ਜੇ ਮੈਂ *ਉਹ* ਕੀਤਾ।" ਦੇਖੋ, ਤੁਸੀਂ ਦੁਬਾਰਾ ਕਾਨੂੰਨੀ ਪੱਖ ਵੱਲ ਆਉਂਦੇ ਹੋ। ਕਦੇ ਵੀ ਕਾਨੂੰਨੀ ਪੱਖ ਵਿੱਚ ਨਾ ਜਾਓ। ਇਹ ਨਕਾਰਾਤਮਕ ਹੈ।

384 ਸਕਾਰਾਤਮਕ ਪੱਖ ਉਹ ਹੈ ਜੋ ਤੁਸੀਂ ਚਾਹੁੰਦੇ ਹੋ। ਇਹ ਪਹਿਲਾਂ ਹੀ ਇੱਕ ਮੁਕੰਮਲ ਕੰਮ ਹੈ। ਮਸੀਹ ਮਰਿਆ, ਅਤੇ ਜਦੋਂ ਉਹ ਮਰਿਆ ਤਾਂ ਪਾਪ ਮਾਰਿਆ ਗਿਆ। ਅਤੇ ਜੇ ਪਰਮੇਸ਼ੁਰ ਨੇ ਤੁਹਾਨੂੰ ਸਦੀਪਕ ਜੀਵਨ ਲਈ ਨਿਯੁਕਤ ਕੀਤਾ ਹੈ, "ਸਾਰੇ ਜੋ ਪਿਤਾ ਨੇ ਮੈਨੂੰ ਦਿੱਤੇ ਹਨ, ਮੇਰੇ ਕੋਲ ਆਉਣਗੇ।" ਉੱਥੇ ਤੁਸੀਂ ਹੋ, ਨਾਸ਼ ਨਹੀਂ ਹੋ ਸਕਦੇ। ਤੁਸੀਂ ਹਮੇਸ਼ਾ ਲਈ ਸੁਰੱਖਿਅਤ ਹੋ। "ਕਿਉਂਕਿ ਇੱਕ ਆਤਮਾ ਦੁਆਰਾ ਅਸੀਂ ਸਾਰੇ ਇੱਕ ਸਰੀਰ ਵਿੱਚ ਬਪਤਿਸਮਾ ਲੈਂਦੇ ਹਾਂ, ਅਤੇ

ਇੱਕ ਬਲੀਦਾਨ ਦੁਆਰਾ ਉਸਨੇ ਸਦਾ ਲਈ ਸੰਪੂਰਨ ਕੀਤਾ ਹੈ।" ਉਥੇ ਤੁਸੀਂ ਹੋ। ਅਸੀਂ ਕਿਸੇ ਵੀ ਤਰ੍ਹਾਂ ਹਾਰ ਨਹੀਂ ਸਕਦੇ। ਸਹੀ ਹੈ। ਹੁਣ, ਕੀ ਇਹ ਤੁਹਾਨੂੰ ਚੰਗਾ ਮਹਿਸੂਸ ਨਹੀਂ ਕਰਾਉਂਦਾ?

385 ਹੁਣ, ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਇੱਕ ਮਸੀਹੀ ਹੋ? ਜਦੋਂ ਤੁਹਾਡੀ ਆਤਮਾ ਉਸ ਦੇ ਆਤਮਾ ਨਾਲ ਗਵਾਹੀ ਦਿੰਦੀ ਹੈ, ਜਦੋਂ ਤੁਹਾਡੇ ਹਿਰਦੇ ਵਿੱਚ ਪਰਮੇਸ਼ੁਰ ਦਾ ਪਿਆਰ ਹੁੰਦਾ ਹੈ, ਜਦੋਂ ਤੁਹਾਡੇ ਕੋਲ ਪਿਆਰ, ਅਨੰਦ, ਸ਼ਾਂਤੀ, ਧੀਰਜ, ਕੋਮਲਤਾ, ਧੀਰਜ, ਚੰਗਿਆਈ, ਨਿਮਰਤਾ ਹੁੰਦੀ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ...ਆਤਮਾ ਦੇ ਫਲ ਤੁਹਾਡੇ ਜੀਵਨ ਦੇ ਨਾਲ ਹਨ।

386 ਇਸ ਲਈ ਨਹੀਂ ਕਿ ਤੁਸੀਂ ਆਤਮਾ ਵਿੱਚ ਨੱਚ ਸਕਦੇ ਹੋ, ਓਹ, ਇਸ ਆਧੁਨਿਕ ਤਾਲ ਵਿੱਚ, ਇਸ ਨੂੰ ਪਿਆਨੋ ਤੇ ਉੱਚਾ ਵਜਾਉਂਦੇ ਹਨ, ਇੱਥੇ ਬਹੁਤ ਸਾਰੇ ਆਤਮਾ ਵਿੱਚ ਨੱਚਣ ਵਾਲਿਆਂ ਲਈ। ਉਹ ਸਭ ਚੀਜਾਂ ਠੀਕ ਹਨ। ਪਰ ਉਨ੍ਹਾਂ ਨੇ ਸਾਰੀ ਗੱਲ ਨੂੰ ਉਸ ਕਾਨੂੰਨੀ ਪੱਖ ਤੇ ਲੈ ਲਿਆ, ਦੇਖੋ, ਅਤੇ ਇਸ ਲਈ, ਉਨ੍ਹਾਂ ਨੇ ਪਰਮੇਸ਼ੁਰ ਦੀ ਆਤਮਾ ਨੂੰ ਪਿੱਛੇ ਛੱਡ ਦਿੱਤਾ।

387 ਇਹੀ ਕਾਰਨ ਹੈ, ਜਦੋਂ ਪਰਮੇਸ਼ੁਰ ਨੇ ਆਪਣੇ ਆਪ ਨੂੰ ਪ੍ਰਗਟ ਕਰਨਾ ਸ਼ੁਰੂ ਕੀਤਾ, ਉਹਨਾਂ ਕਿਹਾ, "ਬਕਵਾਸ। ਅਸੀਂ ਇਸ ਨਾਲ ਕੁਝ ਨਹੀਂ ਕਰਨਾ ਚਾਹੁੰਦੇ।" ਉਹ ਪਰਮੇਸ਼ੁਰ ਨੂੰ ਨਹੀਂ ਜਾਣਦੇ। ਉਹਨਾਂ ਨੇ ਉਸਨੂੰ ਕਦੇ ਨਹੀਂ ਦੇਖਿਆ। ਉਹ ਇਸ ਨੂੰ ਸਮਝ ਨਹੀਂ ਸਕਦੇ, ਕਿਉਂਕਿ ਉੱਥੇ ਇੱਕ ਵੱਖਰੀ ਜ਼ਿੰਦਗੀ ਹੈ। ਉਹ ਨਹੀਂ ਜਾਣਦਾ, ਜੰਗਲੀ ਬੂਟੀ ਨੂੰ ਨਹੀਂ ਪਤਾ ਕਿ ਕਣਕ ਕੀ ਕਰ ਰਹੀ ਹੈ। ਉਹ ਇੱਕ ਵੱਖਰਾ ਜੀਵਨ ਹੈ।

388 ਇੱਕ ਮਸੀਹੀ ਨਾਲ ਵੀ ਇਸੇ ਤਰ੍ਹਾਂ ਹੈ, ਸਰੀਰਕ ਵਿਸ਼ਵਾਸੀ ਨਾਲ, ਕਬੂਲ ਕਰਨ ਵਾਲਾ, ਜੋ ਬਾਹਰ ਜਾਂਦਾ ਹੈ ਅਤੇ ਇਕਰਾਰ ਕਰਦਾ ਹੈ, "ਓਹ, ਹਾਂ, ਮੈਂ ਇੱਕ ਮਸੀਹੀ ਹਾਂ।" ਉਸਦੇ ਮੂੰਹ ਵਿੱਚ ਇੱਕ ਵੱਡਾ ਸਿਗਾਰ, ਜਿਵੇਂ ਟੈਕਸਾਸ ਦਾ ਸਿੰਗ ਟੁੱਟਿਆ ਝੋਟਾ।

389 ਇੱਕ ਔਰਤ ਜਿਸ ਨੇ ਨਿੱਕਰ ਪਹਿਨੀ ਹੋਈ ਹੈ, ਕਹਿੰਦੀ ਹੈ, "ਓਹ, ਹਾਂ, ਮੈਂ ਕਲੀਸਿਯਾ ਦੀ ਮੈਂਬਰ ਹਾਂ। ਯਕੀਨਨ, ਮੈਂ ਹਾਂ।" ਤੁਹਾਡੇ ਫਲ ਸਾਬਤ ਕਰਦੇ ਹਨ ਕਿ ਤੁਸੀਂ ਸਰੀਰਕ ਦੇ ਇਲਾਵਾ ਹੋਰ ਕੁਝ ਵੀ ਨਹੀਂ ਹੋ। ਇਹ ਸਹੀ ਹੈ। ਯਕੀਨਨ, ਇਹ ਹੈ। ਇਸਦੇ ਲਈ ਆਗਿਆ ਦੇਣ ਲਈ ਸਿਰਫ ਇੱਕ ਚੀਜ਼ ਹੈ: ਇਹ ਜਾਂ ਤਾਂ ਮਾਨਸਿਕ ਬਿਮਾਰੀ ਹੈ ਜਾਂ ਤੁਹਾਡੇ ਵਿੱਚ ਕਾਮ ਵਾਸਨਾ ਦੀ ਆਤਮਾ ਹੈ। ਇਹ ਠੀਕ ਹੈ।

390 ਜੇ ਤੁਸੀਂ ਸੰਸਾਰ ਵਾਂਗ ਕੰਮ ਕਰਨਾ ਚਾਹੁੰਦੇ ਹੋ, ਤਾਂ ਬਾਈਬਲ ਕਹਿੰਦੀ ਹੈ, "ਜੇ ਤੁਸੀਂ ਸੰਸਾਰ ਜਾਂ ਸੰਸਾਰ ਦੀਆਂ ਚੀਜ਼ਾਂ ਨੂੰ ਪਿਆਰ ਕਰਦੇ ਹੋ, ਤਾਂ ਪਰਮੇਸ਼ੁਰ ਦਾ ਪ੍ਰੇਮ ਤੁਹਾਡੇ ਵਿੱਚ ਹੈ ਹੀ ਨਹੀਂ।" ਇਸ ਲਈ ਤੁਸੀਂ ਉੱਥੇ ਹੋ।

391 ਹੁਣ ਤੁਸੀਂ ਕਹਿੰਦੇ ਹੋ, "ਔਹ, ਬਾਈਬਲ ਨੇ ਕਿਹਾ ਹੈ, ਤਾਂ ਫਿਰ ਮੈਨੂੰ ਇਹ ਕਰਨਾ ਚਾਹੀਦਾ ਹੈ।" ਨਹੀਂ, ਇਹ ਨਹੀਂ ਹੈ। ਇੱਥੇ ਉਦੋਂ ਤੱਕ ਰਹੋ ਜਦੋਂ ਤੱਕ ਮਸੀਹ ਤੁਹਾਡੇ ਲਈ ਕੁਝ ਕਰਦਾ ਨਹੀਂ, ਜੋ ਇਸਨੂੰ ਤੁਹਾਡੇ ਤੋਂ ਬਾਹਰ ਲੈ ਜਾਵੇ। ਫਿਰ ਤੁਸੀਂ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੋਏ ਹੋ। ਉਹ ਨਹੀਂ ਜੋ ਤੁਸੀਂ ਕਰਦੇ ਹੋ, ਇਹ ਉਹ ਹੈ ਜੋ ਉਸਨੇ ਤੁਹਾਡੇ ਲਈ ਕੀਤਾ ਹੈ। ਜਦੋਂ ਤੱਕ ਤੁਹਾਨੂੰ ਉਹ ਪ੍ਰੇਮ ਨਹੀਂ ਮਿਲ ਜਾਂਦਾ ਜਿਸ ਨਾਲ ਤੁਸੀਂ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲੇ ਜਾਂਦੇ ਹੋ। ਅਤੇ ਫਿਰ ਆਪਣੇ ਜੀਵਨ ਨੂੰ ਦੇਖੋ, ਜੇ ਇਹ—ਇਹ ਰਲ ਜਾਂਦਾ ਹੈ। ਇਸ ਲਈ ਨਹੀਂ ਕਿ ਤੁਸੀਂ ਆਪਣੀ ਜ਼ਿੰਦਗੀ ਬਣਾਉਣ ਦੀ ਕੋਸ਼ਿਸ਼ ਕਰਦੇ ਹੋ, ਪਰ ਕਿਉਂਕਿ ਪਰਮੇਸ਼ੁਰ ਤੁਹਾਨੂੰ ਆਪਣੀ ਆਤਮਾ ਦੇ ਅਧੀਨ ਲਿਆਉਂਦਾ ਹੈ। ਇਹ ਤੁਸੀਂ ਨਹੀਂ ਹੋ ਜੋ ਆਪਣੇ ਆਪ ਦੀ ਪਰਮੇਸ਼ੁਰ ਦੇ ਰਾਹ ਵਿੱਚ ਅਗਵਾਈ ਕਰ ਰਹੇ ਹੋ। ਇਹ ਪਰਮੇਸ਼ੁਰ ਹੈ ਜੋ ਤੁਹਾਡੀ ਆਪਣੇ ਰਾਹ ਵਿੱਚ ਅਗਵਾਈ ਕਰਦਾ ਹੈ। ਤੁਸੀਂ ਅਗਵਾਈ ਨਹੀਂ ਕਰ ਰਹੇ ਹੋ, ਪਰ ਪਰਮੇਸ਼ੁਰ ਅਗਵਾਈ ਕਰ ਰਿਹਾ ਹੈ।

392 ਹੁਣ ਇਸ ਨੂੰ ਦੇਖੋ, ਹੁਣ, ਜਿਵੇਂ ਅਸੀਂ ਅੰਤ ਵੱਲ ਜਾ ਰਹੇ ਹਾਂ। 11ਵੀਂ ਆਇਤ।

> *ਅਸੀਂ ਚਾਹੁੰਦੇ ਹਾਂ ਜੋ ਤੁਹਾਡੇ ਵਿੱਚੋਂ ਹਰੇਕ ਆਸ ਦੀ ਭਰਪੂਰੀ ਲਈ ਅੰਤ ਤੋੜੀ ਉਹੋ ਜਿਹਾ ਜਤਨ ਕਰੇ:*
>
> *ਤਾਂ ਜੋ ਤੁਸੀਂ ਆਲਸੀ ਨਾ ਹੋਵੋ, ਸਗੋਂ ਉਨ੍ਹਾਂ ਦੀ ਰੀਸ ਕਰੋ ਜਿਹੜੇ ਨਿਹਚਾ ਅਤੇ ਧੀਰਜ ਦੇ ਰਾਹੀਂ ਵਾਇਦਿਆਂ ਦੇ ਅਧਕਾਰੀ ਹੁੰਦੇ ਹਨ।*

393 ਹੁਣ, ਇੱਥੇ ਸਿਰਫ ਇੱਕ ਹੋਰ ਟਿੱਪਣੀ।

> *ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਬਚਨ ਦਿੱਤਾ, ਤਾਂ ਇਸ ਕਰਕੇ ਜੋ ਆਪਣੇ ਨਾਲੋਂ ਵੱਡਾ ਕੋਈ ਨਾ ਵੇਖਿਆ ਜਿਹ ਦੀ ਓਹ ਸੌਂਹ ਖਾਂਦਾ, ਉਹ ਨੇ ਆਪਣੀ ਹੀ ਸੌਂਹ ਖਾ ਕੇ,*
>
> *ਆਖਿਆ, ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ, ਅਤੇ ਤੇਰਾ ਵਾਧੇ ਤੇ ਵਾਧਾ ਕਰਾਂਗਾ।*

394 ਜਦੋਂ ਪਰਮੇਸ਼ੁਰ ਅਬਰਾਹਾਮ ਨੂੰ ਮਿਲਿਆ! ਹੁਣ, ਅਬਰਾਹਾਮ ਨੂੰ ਨੇਮ ਦਿੱਤਾ ਗਿਆ, ਬਿਨਾਂ ਕਿਸੇ ਲਿਆਕਤ ਦੇ। ਨੇਮ ਅਬਰਾਹਾਮ ਨਾਲ ਕੀਤਾ

ਗਿਆ ਸੀ। ਇਹ ਪੂਰੀ ਤਰ੍ਹਾਂ ਕਿਰਪਾ ਹੈ, ਪੂਰੀ ਤਰ੍ਹਾਂ। ਅਬਰਾਹਾਮ ਕੋਈ ਬਿਹਤਰ ਇਨਸਾਨ ਨਹੀਂ ਸੀ। ਉਹ ਕੋਈ ਪਵਿੱਤਰ ਵਿਅਕਤੀ ਨਹੀਂ ਸੀ। ਉਹ ਸਿਰਫ਼ ਇੱਕ ਆਮ ਆਦਮੀ ਸੀ। ਅਤੇ ਪਰਮੇਸ਼ੁਰ ਨੇ, ਚੋਣ ਦੁਆਰਾ, ਅਬਰਾਹਾਮ ਨੂੰ ਚੁਣਿਆ ਕਿਉਂਕਿ ਪਰਮੇਸ਼ੁਰ ਨੇ ਉਸਨੂੰ ਚੁਣਿਆ ਸੀ; ਇਸ ਲਈ ਨਹੀਂ ਕਿ ਅਬਰਾਹਾਮ ਇਹ ਚਾਹੁੰਦਾ ਸੀ, ਕਿਉਂਕਿ ਅਬਰਾਹਾਮ ਨੇ *ਅਜਿਹਾ* ਕੀਤਾ, ਕਿਉਂਕਿ ਉਹ ਇੱਕ ਚੰਗਾ ਆਦਮੀ ਸੀ, ਕਿਉਂਕਿ ਉਸ ਕੋਲ ਕੋਈ ਯੋਗਤਾ ਸੀ। ਪਰ ਇਹ ਪਰਮੇਸ਼ੁਰ ਦੀ ਚੋਣ ਸੀ। ਪਰਮੇਸ਼ੁਰ ਨੇ ਅਬਰਾਹਾਮ ਨੂੰ ਲਿਆ।

395 ਅੱਜ, ਜਿਵੇਂ ਮੈਂ ਕਿਹਾ, ਮੈਂ ਵਿਸ਼ਵਾਸ ਕਰਦਾ ਹਾਂ, "ਅਸੀਂ ਆਪਣੇ ਪ੍ਰਚਾਰਕਾਂ ਦੀ ਚੋਣ ਕਰਦੇ ਹਾਂ।" ਅਸੀਂ ਆਲੇ ਦੁਆਲੇ ਜਾਂਦੇ ਹਾਂ, ਕਹਿੰਦੇ ਹਾਂ, "ਖੈਰ, ਇੱਕ ਡੀਕਨ ਛੱਡ ਗਿਆ ਹੈ। ਆਉ ਉਸਦੀ ਜਗ੍ਹਾ ਲੈਣ ਲਈ ਇਮਾਰਤ ਵਿੱਚ ਸਭ ਤੋਂ ਵਧੀਆ ਆਦਮੀ ਲੱਭੀਏ। ਅੱਛਾ, ਪਾਸਟਰ ਛੱਡ ਗਿਆ ਹੈ; ਆਓ ਪਤਾ ਕਰੀਏ, ਕੀ ਸਾਨੂੰ ਸਭ ਤੋਂ ਵਧੀਆ ਮਿਲਦਾ ਹੈ।" ਕਈ ਵਾਰ ਇਹ ਸਹੀ ਨਹੀਂ ਹੁੰਦਾ।

396 ਜਦੋਂ ਉਨ੍ਹਾਂ ਨੇ ਯਹੂਦਾ ਦੀ ਜਗ੍ਹਾ ਲੈਣ ਲਈ ਇੱਕ ਆਦਮੀ ਨੂੰ ਚੁਣਿਆ, ਤਾਂ ਉਨ੍ਹਾਂ ਨੂੰ ਗਲਤ ਆਦਮੀ ਮਿਲਿਆ। ਉਨ੍ਹਾਂ ਨੂੰ ਇੱਕ ਸੱਜਣ ਨੂੰ ਲਿਆ, ਮੱਤੀਆਸ, ਇੱਕ ਮਹਾਨ ਗ੍ਰੰਥੀ, ਇੱਕ ਵਿਦਵਾਨ, ਇੱਕ ਰਾਜਦੂਤ। ਓਹਨਾਂ ਨੇ ਕਿਹਾ, "ਉਹ ਅਸਲ ਜਗ੍ਹਾ ਲੈ ਲਵੇਗਾ। ਲੜਕੇ, ਉਹ ਇੱਕ ਅਸਲੀ ਆਦਮੀ ਵਰਗਾ ਲੱਗਦਾ ਹੈ।" ਪਰ ਇਹ ਪਰਮੇਸ਼ੁਰ ਦੀ ਚੋਣ ਨਹੀਂ ਸੀ। ਅਤੇ ਉਸਨੇ ਇਸ ਆਦਮੀ ਨੂੰ ਲੈ ਲਿਆ, ਅਤੇ ਉਸਨੇ ਕਦੇ ਵੀ ਪਰਮੇਸ਼ੁਰ ਲਈ ਕੁਝ ਨਹੀਂ ਕੀਤਾ।

397 ਪਰ ਪਰਮੇਸ਼ੁਰ ਨੇ ਨਿਕੇ ਜਿਹੇ, ਪੁਰਾਣੇ ਗੁਸੈਲ-ਸੁਭਾਅ ਵਾਲੇ, ਟੇਢੇ-ਨੱਕ ਵਾਲੇ ਯਹੂਦੀ ਦੀ ਚੋਣ ਕੀਤੀ ਜੋ ਉੱਥੇ ਆ ਗਿਆ, "ਮੈਂ ਹੇਠਾਂ ਜਾਵਾਂਗਾ। ਮੈਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਵਾਂਗਾ।"

398 ਪਰਮੇਸ਼ੁਰ ਨੇ ਕਿਹਾ, "ਮੈਨੂੰ ਉਸ ਵਿੱਚ ਕੁਝ ਦਿਸਦਾ ਹੈ। ਮੈਂ ਉਸਨੂੰ ਵਰਤਾਂਗਾ।"

399 ਅਤੇ ਪਰਮੇਸ਼ੁਰ ਬਸ ਉਸ ਦੇ ਸਾਹਮਣੇ ਉਸ ਵੱਡੀ ਜੋਤ ਵਿੱਚ ਪ੍ਰਗਟ ਹੋਇਆ। ਅਤੇ ਉਸਨੇ ਕਿਹਾ, "ਤੂੰ ਕੌਣ ਹੈਂ, ਪ੍ਰਭੂ?"

400 ਉਸ ਨੇ ਕਿਹਾ, "ਮੈਂ ਯਿਸੂ ਹਾਂ। ਕਿਉਂ, ਤੇਰੇ ਲਈ ਕੰਡਿਆਲੀਆਂ ਝਾੜੀਆਂ ਵਿੱਚ ਪੈਰ ਫਸਾਉਣੇ ਔਖੀ ਗੱਲ ਹੈ। ਤੂੰ ਮੈਨੂੰ ਕਿਉਂ ਸਤਾਉਂਦਾ ਹੈਂ?" ਇਸ ਤਰ੍ਹਾਂ, ਅਤੇ ਪਰਮੇਸ਼ੁਰ ਨੇ *ਉਸ* ਆਦਮੀ ਨੂੰ ਲਿਆ ਅਤੇ ਉਸਨੂੰ ਮਹਾਨ

ਆਦਮੀਆਂ ਵਿੱਚੋਂ ਇੱਕ ਬਣਾ ਦਿੱਤਾ ਜੋ ਯਿਸੂ ਮਸੀਹ ਤੋਂ ਲੈ ਕੇ ਹੁਣ ਤੱਕ ਧਰਤੀ ਤੇ ਆਇਆ ਹੋਵੇ। ਇਹ ਪਰਮੇਸ਼ੁਰ ਦੀ ਚੋਣ ਸੀ।

401 ਅੱਜ, ਅਸੀਂ ਇੱਕ ਚੋਣ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਤੁਸੀਂ ਕਲਿਸਿਯਾਂ ਵਿੱਚ, ਤੁਸੀਂ *ਇਸ* ਆਦਮੀ ਨੂੰ ਇੱਥੇ ਭੇਜਦੇ ਹੋ, ਅਤੇ *ਉਸ* ਆਦਮੀ ਨੂੰ ਇੱਥੇ। ਇਹ ਇਸ ਤਰ੍ਹਾਂ ਨਹੀਂ ਕੀਤਾ ਜਾਣਾ ਚਾਹੀਦਾ ਹੈ। ਪਰਮੇਸ਼ੁਰ ਅਗਵਾਈ ਕਰਦਾ ਹੈ। ਇਹ ਸਭ ਵਿੱਚ ਪਰਮੇਸ਼ੁਰ ਹੈ, ਸਭ ਦੇ ਰਾਹੀਂ, ਸਭ ਦੇ ਉੱਤੇ ਹੈ; ਕਿਸੇ ਕਲੀਸਿਯਾ ਦਾ ਕੋਈ ਦਸਤਾਵੇਜ਼ ਨਹੀਂ। ਇਹ ਉਹ ਹੈ ਜੋ ਪਰਮੇਸ਼ੁਰ ਨੇ ਇਸ ਬਾਰੇ ਕਿਹਾ, ਜਿਸ ਨਾਲ ਫ਼ਰਕ ਪੈਂਦਾ ਹੈ।

402 ਧਿਆਨ ਦਿਓ। ਪਰਮੇਸ਼ੁਰ ਨੇ ਅਬਰਾਹਾਮ ਨਾਲ ਇੱਕ ਵਾਅਦਾ ਕੀਤਾ, ਬਿਨਾਂ ਸ਼ਰਤ ਦੇ। ਅਤੇ ਹੁਣ, ਰੁਕੋ, ਅਬਰਾਹਾਮ ਨੂੰ ਇੱਕ ਵੀ ਚੀਜ ਕਰਨ ਦੀ ਲੋੜ ਨਹੀਂ ਸੀ। ਪਰਮੇਸ਼ੁਰ ਨੇ ਕਿਹਾ, “ਮੈਂ ਪਹਿਲਾਂ ਹੀ ਕਰ ਚੁੱਕਾ ਹਾਂ।”

403 ਪਰਮੇਸ਼ੁਰ ਨੇ ਆਦਮ ਨਾਲ ਇੱਕ ਵਾਅਦਾ ਕੀਤਾ, ਕਿਹਾ, “ਆਦਮ, ਜੇ ਤੂੰ *ਇਸ* ਨੂੰ ਨਹੀਂ ਛੂਹੇਂਗਾ, ਤਾਂ ਤੂੰ ਸਦਾ ਲਈ ਜਿਉਂਦਾ ਰਹੇਂਗਾ। ਪਰ ਜਿਸ ਦਿਨ ਤੂੰ ਇਸ ਤੋਂ ਖਾਵੇਂਗਾ, ਉਸੇ ਦਿਨ ਤੂੰ ਮਰ ਜਾਵੇਂਗਾ।”

404 ਆਦਮ ਨੇ ਕਿਹਾ, “ਮੈਂ ਬਸ ਹੈਰਾਨ ਹਾਂ ਕਿ ਇਹ ਸਭ ਕਿਸ ਬਾਰੇ ਹੈ, ਕਿਸੇ ਵੀ ਤਰ੍ਹਾਂ?” ਉਹ ਇਸ ਨੂੰ ਖਾ ਜਾਂਦਾ ਹੈ, ਛੇੜਛਾੜ ਕਰਦਾ ਹੈ।

405 ਹਰ ਵਾਰ ਜਦ ਪਰਮੇਸ਼ੁਰ...ਇੱਕ ਮਨੁੱਖ ਪਰਮੇਸ਼ੁਰ ਨਾਲ ਆਪਣਾ ਨੇਮ ਬਨ੍ਹਦਾ ਹੈ, ਜਾਂ ਪਰਮੇਸ਼ੁਰ ਇੱਕ ਮਨੁੱਖ ਨਾਲ, ਆਦਮੀ ਆਪਣਾ ਨੇਮ ਤੋੜ ਦਿੰਦਾ ਹੈ। ਇਸ ਲਈ ਪਰਮੇਸ਼ੁਰ ਨੂੰ ਕੁਝ ਕਰਨਾ ਪਿਆ, ਕਿਉਂਕਿ ਉਸਨੇ ਦੇਖਿਆ ਕਿ ਮਨੁੱਖ ਕੀ ਸੀ। ਅਤੇ ਉਹ ਪਹਿਲਾਂ ਤੋਂ ਨਿਰਧਾਰਤ ਕੀਤੇ ਗਏ ਸਨ, ਉਹ ਚੁਣੇ ਗਏ ਸਨ, ਅਤੇ ਪਰਮੇਸ਼ੁਰ ਨੇ ਕੁਝ ਕਰਨਾ ਸੀ। ਇਸ ਲਈ ਪਰਮੇਸ਼ੁਰ ਹੇਠਾਂ ਆਇਆ ਅਤੇ ਅਬਰਾਹਾਮ ਨਾਲ ਆਪਣਾ ਨੇਮ ਬੰਨ੍ਹਿਆ, ਬਿਨਾਂ ਸ਼ਰਤ ਦੇ। ਜੇ ਇਹ ਬਿਨਾਂ ਸ਼ਰਤ ਨਾ ਹੁੰਦਾ, ਤਾਂ ਅਬਰਾਹਾਮ ਨੇ ਨਾਸ਼ ਹੋ ਜਾਣਾ ਸੀ, ਬਹੁਤ ਚਿਰ ਪਹਿਲਾਂ।

406 ਉਸ ਨੂੰ ਗਰਾਰ ਵਿੱਚ ਬੈਠੇ ਹੋਏ ਨੂੰ ਦੇਖੋ, ਪਿੱਛੇ ਹਟ ਕੇ, ਝੂਠ ਬੋਲ ਰਿਹਾ ਹੈ। ਅਤੇ ਆਪਣੀ ਪਤਨੀ ਨੂੰ ਕਿਸੇ ਹੋਰ ਆਦਮੀ ਦੇ ਹਵਾਲੇ ਕਰ ਦਿੰਦਾ ਹੈ, ਆਪਣੀ ਖੱਲ ਬਚਾਉਣ ਲਈ। ਕਿਹੋ ਜਿਹਾ ਆਦਮੀ ਹੈ! ਉੱਥੇ ਬਾਹਰ ਬੈਠਾ ਹੋਇਆ, ਅਤੇ ਪਿਛਾਂਹ ਹਟਿਆ ਹੋਇਆ। ਪਰਮੇਸ਼ੁਰ ਨੇ ਉਸਨੂੰ ਕਿਹਾ, “ਤੂੰ ਇੱਥੇ ਨਾ ਛੱਡ। ਇੱਥੇ ਹੀ ਰਹਿ।” ਅਕਾਲ ਨੇ ਉਸਨੂੰ ਬਾਹਰ ਕੱਢ ਦਿੱਤਾ। ਉਹ ਹੇਠਾਂ ਭਟਕ ਗਿਆ ਜਿੱਥੇ ਜਾਣਾ ਸੌਖਾ ਸੀ। ਤੁਸੀਂ ਜਾਣਦੇ ਹੋ ਕਿ ਇੱਕ ਆਦਮੀ ਦਾ ਕੀ ਹੁੰਦਾ ਹੈ ਜਦੋਂ ਉਹ ਆਸਾਨ ਰਾਹ ਲੈਂਦਾ ਹੈ।

407 ਉਹ ਬਾਹਰ ਭਟਕ ਗਿਆ, ਜਿੱਥੇ ਘਾਹ ਜ਼ਿਆਦਾ ਹਰਾ ਸੀ। ਅਤੇ ਜਦੋਂ ਉਹ ਉਥੇ ਉਤਰਿਆ, ਤਾਂ ਉਸਨੇ ਉਸ ਰਾਜੇ ਨੂੰ ਦੱਸਿਆ ਕਿ ਉਸਦੀ ਪਤਨੀ ਉਸਦੀ ਭੈਣ ਹੈ, ਆਪਣੀ ਜਾਣ ਬਚਾਉਣ ਲਈ। ਹੁਣ, ਇਹ ਇੱਕ ਝੂਠ ਸੀ। ਅਤੇ ਕੋਈ ਆਦਮੀ, ਆਪਣੀ ਪਤਨੀ ਕਿਸੇ ਹੋਰ ਆਦਮੀ ਦੇ ਹਵਾਲੇ ਕਰ ਦੇਵੇਗਾ, ਆਪਣੀ ਜਾਣ ਨੂੰ ਬਚਾਉਣ ਲਈ! ਉਹ ਉੱਥੇ ਸੀ, ਇੱਕ ਛੋਟੇ ਤੰਬੂ ਵਿੱਚ ਬੈਠਾ ਹੋਇਆ ਸੀ, ਪਿੱਛੇ ਹਟਿਆ ਹੋਇਆ, ਝੂਠ ਬੋਲ ਰਿਹਾ ਸੀ, ਅਤੇ ਸਿੱਧਾ ਉਸ ਦੇ ਬਾਹਰ...ਵਾਅਦੇ ਅਤੇ ਹਰ ਚੀਜ਼ ਤੋਂ ਪੂਰੀ ਤਰ੍ਹਾਂ ਦੂਰ ਹੋ ਗਿਆ, ਪਰ ਉਹ ਅਜੇ ਵੀ ਪਰਮੇਸ਼ੁਰ ਦਾ ਨਬੀ ਸੀ।

408 ਅਤੇ ਉੱਥੇ ਅਬੀਮਲਕ ਸੀ, ਉਹ ਇੱਕ ਚੰਗਾ, ਪਵਿੱਤਰ ਆਦਮੀ ਸੀ। ਯਕੀਨਨ, ਹਰ ਰਾਤ ਪ੍ਰਾਰਥਨਾ ਕਰਦਾ ਸੀ। ਇਸ ਦਾਦੀ ਨੂੰ ਵੇਖਿਆ, ਸੌ ਸਾਲਾਂ ਦੀ, ਉਥੇ ਆਈ, ਸੋਹਣੀ ਤੇ ਜਵਾਨ। ਉਸ ਨੇ ਕਿਹਾ, "ਇਹ ਉਹ ਕੁੜੀ ਹੈ ਜਿਸਦਾ ਮੈਂ ਇੰਤਜ਼ਾਰ ਕੀਤਾ ਸੀ, ਇਸ ਲਈ ਮੈਂ ਉਸ ਨਾਲ ਵਿਆਹ ਕਰਨ ਜਾ ਰਿਹਾ ਹਾਂ।"

409 ਅਬਰਾਹਾਮ ਨੇ ਕਿਹਾ, "ਤੁਸੀਂ ਉਸ ਨੂੰ ਲੈ ਸਕਦੇ ਹੋ। ਉਹ ਮੇਰੀ ਭੈਣ ਹੈ।"

ਉਸ ਨੇ ਕਿਹਾ, "ਇਹ ਮੇਰਾ ਭਰਾ ਹੈ।"

410 ਇਸ ਲਈ ਉਹ ਉਸ ਨੂੰ ਉੱਥੇ ਲੈ ਜਾਂਦਾ ਹੈ ਅਤੇ ਔਰਤਾਂ ਨੂੰ ਉਸ ਨੂੰ ਨਹਿਲਾਉਣ ਲਈ—ਅਤੇ ਚੰਗੇ ਕੱਪੜੇ ਪਹਿਨਾਉਣ ਲਈ ਕਹਿੰਦਾ ਹੈ, ਅਤੇ ਉਸ ਨੂੰ ਇੱਕ—ਇੱਕ ਰਾਜਕੁਮਾਰੀ ਵਾਂਗ ਤਿਆਰ ਕਰਨ ਲਈ। ਅਤੇ ਉਸਨੇ ਆਪਣੀਆਂ ਪ੍ਰਾਰਥਨਾਵਾਂ ਕੀਤੀਆਂ, ਮੰਜੇ ਤੇ ਲੰਮਾ ਹੋਇਆ, ਅਤੇ ਆਪਣੇ ਪੈਰਾਂ ਨੂੰ ਮੋੜਿਆ, ਅਤੇ ਕਿਹਾ, "ਕੱਲ੍ਹ, ਮੈਂ ਉਸ ਸੁੰਦਰ ਇਬਰਾਨੀ ਕੁੜੀ ਨਾਲ ਵਿਆਹ ਕਰਾਂਗਾ, ਉਹ—ਉਸ ਮੁੰਡੇ ਦੀ ਭੈਣ ਬਾਹਰ ਹੈ। ਔਹ, ਇਹ ਸ਼ਾਨਦਾਰ ਹੋਵੇਗਾ। ਹੇ ਪ੍ਰਭੂ, ਤੁਸੀਂ ਜਾਣਦੇ ਹੋ ਕਿ ਮੈਂ ਤੁਹਾਨੂੰ ਕਿੰਨ੍ਹਾ ਪਿਆਰ ਕਰਦਾ ਹਾਂ! ਹਾਂ, ਸ਼੍ਰੀਮਾਨ। ਸ਼ਾਨਦਾਰ!"

411 ਅਤੇ ਪਰਮੇਸ਼ੁਰ ਨੇ ਕਿਹਾ, "ਤੂੰ ਇੱਕ ਮਰੇ ਹੋਏ ਆਦਮੀ ਜਿਹਾ ਹੈਂ।" ਉੂੰ-ਹੂੰ!

412 [ਭਾਈ ਬ੍ਰਨਹਾਮ ਖੰਘਦੇ ਹਨ—ਸੰਪਾ.] (ਮੈਨੂੰ ਮਾਫ਼ ਕਰਨਾ।) ਅਬਰਾ-... ਕਿਉਂ, ਅਬਰਾਹਾਮ ਉੱਥੇ ਜਾ ਰਿਹਾ ਸੀ, ਝੂਠ ਬੋਲ ਰਿਹਾ ਸੀ, ਪਿੱਛੇ ਹਟ ਰਿਹਾ ਸੀ। ਅਤੇ ਇੱਥੇ ਇਹ ਆਦਮੀ ਸੀ, ਇੱਕ ਇਮਾਨਦਾਰ ਅਤੇ ਨੇਕ ਅਤੇ ਧਰਮੀ ਆਦਮੀ। "ਕਿਉਂ," ਉਸ ਨੇ ਕਿਹਾ, "ਪ੍ਰਭੂ, ਤੁਸੀਂ ਮੇਰੇ ਦਿਲ ਦੀ ਖਰਿਆਈ ਨੂੰ ਜਾਣਦੇ ਹੋ। ਕੀ ਉਸਨੇ ਮੈਨੂੰ ਨਹੀਂ ਦੱਸਿਆ, ਇਹ ਉਸਦੀ 'ਭੈਣ' ਸੀ?"

413 ਕਿਹਾ, "ਮੈਂ ਤੇਰੇ ਦਿਲ ਦੀ ਇਮਾਨਦਾਰੀ ਨੂੰ ਜਾਣਦਾ ਹਾਂ। ਇਹੀ ਕਾਰਨ ਹੈ ਕਿ ਮੈਂ ਤੈਨੂੰ ਮੇਰੇ ਵਿਰੁੱਧ ਪਾਪ ਕਰਨ ਤੋਂ ਰੋਕ ਰਿਹਾ ਹਾਂ। ਇਹ ਠੀਕ ਹੈ। ਮੈਂ ਤੇਰੇ ਦਿਲ ਦੀ ਇਮਾਨਦਾਰੀ ਨੂੰ ਜਾਣਦਾ ਹਾਂ। ਪਰ ਉਸਦਾ ਪਤੀ ਮੇਰਾ ਨਬੀ ਹੈ।" ਹਲਲੂਯਾਹ! ਓਹ, ਜੇ ਇਹ ਕਿਰਪਾ ਨਹੀਂ ਹੈ, ਤਾਂ ਕੀ ਹੈ? "ਪਿੱਛੇ ਹਟਿਆ ਹੋਇਆ, ਝੂਠ ਬੋਲਦਾ ਹੋਇਆ, ਅਤੇ ਉੱਥੇ ਬੈਠਾ ਸੀ, ਪਰ ਉਹ ਅਜੇ ਵੀ ਮੇਰਾ ਨਬੀ ਹੈ। ਤੂੰ ਭੇਟਾ ਲੈ ਕੇ ਉਸ ਕੋਲ ਜਾ, ਅਤੇ ਉਸ ਦੀ ਪਤਨੀ ਨੂੰ ਵਾਪਸ ਲੈ ਜਾ, ਜਾਂ ਤੂੰ ਇੱਕ ਮਰਿਆ ਹੋਇਆ ਆਦਮੀ ਹੋਵੇਂਗਾ। ਮੈਂ ਤੇਰੀਆਂ ਪ੍ਰਾਰਥਨਾਵਾਂ ਨੂੰ ਨਹੀਂ ਸੁਣਾਂਗਾ। ਉਸਨੂੰ ਤੇਰੇ ਲਈ ਪ੍ਰਾਰਥਨਾ ਕਰਨ ਦੇ।" ਆਮੀਨ। ਉਥੇ ਤੁਸੀਂ ਹੋ। "ਇਹ ਮੇਰਾ ਨਬੀ ਹੈ।"

ਹੁਣ ਤੁਸੀਂ ਕਹਿੰਦੇ ਹੋ, "ਔਹ, ਕਾਸ਼ ਮੈਂ ਅਬਰਾਹਾਮ ਹੁੰਦਾ।"

414 "ਜੇਕਰ ਅਸੀਂ ਮਸੀਹ ਵਿੱਚ ਮਰੇ ਹੋਏ ਹਾਂ, ਤਾਂ ਅਸੀਂ ਅਬਰਾਹਾਮ ਦੀ ਅੰਸ ਹਾਂ, ਅਤੇ ਵਾਅਦੇ ਦੇ ਅਨੁਸਾਰ ਵਾਰਸ ਹਾਂ।" ਠੀਕ ਹੈ। ਇਹ ਉਹ ਹੈ ਜੋ ਬਾਈਬਲ ਨੇ ਕਿਹਾ ਹੈ। ਕੀ ਤੁਸੀਂ ਇਸਨੂੰ ਪੜ੍ਹਨਾ ਚਾਹੋਗੇ? ਕਿਉਂ, ਬਾਈਬਲ ਨੇ ਇਹ ਕਿਹਾ ਕਿ—ਕਿ ਇਹ ਵਾਅਦਾ ਸਿਰਫ਼ ਅਬਰਾਹਾਮ ਅਤੇ ਉਸਦੀ ਅੰਸ ਨਾਲ ਹੀ ਨਹੀਂ ਸੀ। ਤੁਹਾਡੇ ਵਾਂਗ...ਅਬਰਾਹਾਮ ਦੇ ਬਹੁਤ ਸਾਰੇ ਬੀਜ ਸਨ, ਯਕੀਨਨ, ਬਹੁਤ ਸਾਰੇ ਬੱਚੇ ਸਨ। ਇਸਮਾਈਲ ਉਸਦਾ ਬੱਚਾ ਸੀ। ਸਾਰਾਹ ਦੀ ਮੌਤ ਤੋਂ ਬਾਅਦ ਉਸਦੇ ਸੱਤ ਜਾਂ ਅੱਠ ਬੱਚੇ ਹੋਏ, ਇੱਕ ਹੋਰ, ਕਤੂਰਾਹ ਤੋਂ। ਪਰ, ਵੇਖੋ, ਉਹ ਬੀਜ ਵਾਅਦਾ ਕੀਤਾ ਹੋਇਆ ਸੀ, ਜੋ ਕਿ ਇਸਹਾਕ ਸੀ, ਅਤੇ ਇਸਹਾਕ ਰਾਹੀਂ ਮਸੀਹ ਆਇਆ, ਮਸੀਹ ਰਾਹੀਂ ਅਸੀਂ ਆਏ। ਵਾਅਦਾ ਬਿਨਾਂ ਸ਼ਰਤ ਦੇ ਹੈ।

415 ਹੁਣ, ਅਬਰਾਹਾਮ ਬਾਰੇ ਕੀ? ਕਿਉਂ, ਉਹ ਖਤਮ ਹੋ ਗਿਆ ਹੁੰਦਾ, ਉਸ ਲਈ ਕਦੇ ਵੀ ਦੁਬਾਰਾ ਵਾਪਸ ਆਉਣਾ ਅਸੰਭਵ ਸੀ। ਯਕੀਨਨ। ਸ਼ਾਊਲ ਲਈ ਦੁਬਾਰਾ ਵਾਪਸ ਆਉਣਾ ਅਸੰਭਵ ਸੀ, ਜੇ ਅਜਿਹਾ ਹੈ, ਤਾਂ ਤੁਹਾਨੂੰ ਇਸ ਤਰ੍ਹਾਂ ਲਿਖਤਾਂ ਨੂੰ ਪੜ੍ਹਨਾ ਪਏਗਾ। ਦੇਖੋ? ਪਰ ਇਹ ਨਹੀਂ ਸੀ। ਪਰਮੇਸ਼ੁਰ ਦਾ ਵਾਅਦਾ ਸਦਾ ਲਈ ਕਾਇਮ ਰਹਿੰਦਾ ਹੈ।

416 ਆਓ ਇੱਥੇ ਇੱਕ ਮਿੰਟ ਪੜ੍ਹੀਏ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਪੜ੍ਹੋ। ਮੈਂ ਚਾਹੁੰਦਾ ਹਾਂ ਕਿ ਤੁਸੀਂ ਗਲਾਤੀਆਂ 3:16 ਲਓ, ਅਤੇ ਇਸਨੂੰ ਪੜ੍ਹੋ, ਅਤੇ ਹੁਣ ਦੇਖੋ ਕਿ ਵਾਅਦਾ ਕੀ ਹੈ, ਅਤੇ ਵੇਖੋ ਕਿ ਕੀ—ਕੀ ਅਸੀਂ ਉਸਦਾ ਵਾਅਦਾ ਹਾਂ ਜਾਂ ਨਹੀਂ, 3:16। ਇੱਥੇ ਸੁਣੋ। ਠੀਕ ਹੈ। ਮੈਂ 15ਵੀਂ ਆਇਤ ਵੀ ਪੜ੍ਹਨ ਜਾ ਰਿਹਾ ਹਾਂ।

*ਹੇ ਭਰਾਵੋ, ਮੈਂ ਮਨੁੱਖ ਵਾਂਙੁ ਬੋਲਦਾ ਹਾਂ; ਭਾਵੇਂ ਮਨੁੱਖ ਦਾ ਵਸੀਅਤ ਨਾਮਾ ਹੀ ਹੋਵੇ ਪਰ ਜਾਂ ਉਹ ਪੱਕਾ ਹੋ ਗਿਆ, ਤਾਂ ਕੋਈ ਉਸ ਵਿੱਚ ਨਾ ਭੰਗ ਪਾਉਂਦਾ, ਨਾ ਵਾਧਾ ਕਰਦਾ ਹੈ।*

*ਹੁਣ ਅਬਰਾਹਾਮ ਅਤੇ ਉਸ ਦੀ ਅੰਸ ਨੂੰ* (ਅੰਸ਼, ਅੰ-ਸ਼), *ਉਸ ਦੀ ਅੰਸ ਨੂੰ ਬਚਨ ਦਿੱਤੇ ਗਏ ਸਨ।*

"ਅਬਰਾਹਾਮ ਅਤੇ ਉਸਦੀ ਅੰਸ ਨੂੰ।" ਹੁਣ ਦੇਖੋ।

*ਉਹ ਨਹੀਂ ਕਹਿੰਦਾ, ਤੇਰੇ ਅੰਸਾਂ ਨੂੰ* (ਬਹੁਵਚਨ), *ਜਿਵੇਂ ਬਾਹਲਿਆਂ ਦੇ ਲਈ ਪਰ ਜਿਵੇਂ ਇੱਕ ਦੇ ਲਈ ਕਹਿੰਦਾ ਹੈ ਅਰਥਾਤ "ਤੇਰੀ ਅੰਸ ਨੂੰ", ਸੋ ਉਹ ਮਸੀਹ ਹੈ।*

417 ਫਿਰ, ਮਸੀਹ ਅਬਰਾਹਾਮ ਦੀ ਸੰਤਾਨ ਸੀ। "ਅਤੇ ਅਸੀਂ ਮਸੀਹ ਵਿੱਚ ਮਰੇ ਹੋਏ ਹੋਣ ਕਰਕੇ, ਅਤੇ ਉਸਦੀ ਦੇਹ ਵਿੱਚ ਬਪਤਿਸਮਾ ਲੈਣ ਕਰਕੇ, ਅਸੀਂ ਅਬਰਾਹਾਮ ਦੀ ਸੰਤਾਨ ਹਾਂ, ਅਤੇ ਵਾਅਦੇ ਦੇ ਵਾਰਸ ਹਾਂ।" ਫਿਰ ਇਹ ਕਿਵੇਂ ਹੈ, ਤੁਸੀਂ ਕਦੇ ਵੀ ਕਿਵੇਂ ਡਿੱਗ ਸਕਦੇ ਹੋ, ਜੇ ਪਰਮੇਸ਼ੁਰ ਨੇ ਤੁਹਾਡੇ ਨਾਲ ਵਾਅਦਾ ਕੀਤਾ ਸੀ? ਤੁਸੀਂ ਕਿਵੇਂ ਕਦੇ ਪਿੱਛੇ ਹਟਣ ਜਾ ਰਹੇ ਹੋ, ਅਤੇ ਦੂਰ ਚਲੇ ਜਾਓਗੇ ਅਤੇ ਇਸਦੇ ਲਈ ਨਰਕ ਵਿੱਚ ਜਾਣਾ ਪਵੇਗਾ?

418 ਹੁਣ ਤੁਸੀਂ ਕਹਿੰਦੇ ਹੋ, "ਖੈਰ, ਕੀ ਅਸੀਂ ਪਿੱਛੇ ਨਹੀਂ ਹਟ ਸਕਦੇ?" ਬਿਲਕੁਲ। ਅਤੇ ਜਦੋਂ ਤੁਸੀਂ ਪਿੱਛੇ ਹਟਦੇ ਹੋ, ਤੁਸੀਂ ਇਸਨੂੰ ਪ੍ਰਾਪਤ ਕਰਨ ਜਾ ਰਹੇ ਹੋ, ਤੁਸੀਂ ਚਿੰਤਾ ਨਾ ਕਰੋ। ਅਬਰਾਹਾਮ ਨੇ ਇਹ ਪ੍ਰਾਪਤ ਕੀਤਾ, ਅਤੇ ਬਾਕੀਆਂ ਨੂੰ ਇਹ ਮਿਲ ਗਿਆ, ਅਤੇ ਤੁਸੀਂ ਇਹ ਪ੍ਰਾਪਤ ਕਰੋਗੇ। ਤੁਸੀਂ ਇਹ ਨਾ ਸੋਚੋ ਕਿ ਇਹ ਤੁਹਾਨੂੰ ਪਾਪ ਕਰਨ ਦਾ ਅਧਿਕਾਰ ਦਿੰਦਾ ਹੈ। ਇਹ ਨਹੀਂ ਹੈ। ਤੁਸੀਂ ਜੋ ਵੀ ਕਰਦੇ ਹੋ ਉਸ ਲਈ ਤੁਸੀਂ ਭੁਗਤਾਨ ਕਰੋਗੇ। ਤੁਸੀਂ ਉਹੀ ਵੱਢੋਗੇ ਜੋ ਤੁਸੀਂ ਬੀਜੋਗੇ। ਤੁਸੀਂ ਇੱਕ ਛੋਟਾ ਜਿਹਾ ਪਾਪ ਕਰਦੇ ਹੋ ਅਤੇ ਤੁਸੀਂ ਇੱਕ ਪੂਰਾ ਟੋਕਰਾ ਭਰ ਕੇ ਵੱਢੋਗੇ। ਇਹ ਠੀਕ ਹੈ। ਪਰ, ਭਾਈ, ਇਹ ਕਹਿਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਨਾਸ਼ ਹੋ ਗਏ ਹੋ। ਇਹ ਬਿਲਕੁਲ ਸਹੀ ਹੈ। ਅਬਰਾਹਾਮ ਨੇ ਉਹੀ ਵੱਢਿਆ ਜੋ ਉਸਨੇ ਬੀਜਿਆ ਸੀ। ਇਹ ਠੀਕ ਹੈ। ਪਰ ਉਹ ਫਿਰ ਵੀ ਬਚ ਗਿਆ।

419 ਪਰਮੇਸ਼ੁਰ ਨੇ ਇਸਰਾਏਲ ਨਾਲ ਜੋ ਨੇਮ ਬੰਨ੍ਹਿਆ ਸੀ: ਉਨ੍ਹਾਂ ਨੇ ਆਪਣੀ ਵਿਰਾਸਤ ਗੁਆ ਦਿੱਤੀ, ਉਨ੍ਹਾਂ ਨੇ ਵਾਅਦਾ ਕੀਤਾ ਹੋਇਆ ਦੇਸ਼ ਗੁਆ ਲਿਆ ਅਤੇ ਮਿਸਰ ਵਿੱਚ ਚਲੇ ਗਏ, ਪਰ ਉਨ੍ਹਾਂ ਨੇ ਆਪਣਾ ਨੇਮ ਨਹੀਂ ਗੁਆਇਆ ਸੀ। ਪਰਮੇਸ਼ੁਰ ਨੇ ਕਿਹਾ, "ਮੈਨੂੰ ਅਬਰਾਹਾਮ ਨਾਲ ਮੇਰਾ ਵਾਅਦਾ ਯਾਦ ਹੈ। ਮੈਨੂੰ ਯਾਦ ਹੈ, ਅਤੇ ਮੈਂ ਆਪਣੇ ਲੋਕਾਂ ਨੂੰ ਬਚਾਉਣ ਲਈ ਹੇਠਾਂ ਆਇਆ ਹਾਂ।

ਮੂਸਾ, ਉੱਥੇ ਹੇਠਾਂ ਜਾ, ਅਤੇ ਫ਼ਿਰਊਨ ਨੂੰ ਦੱਸ, ਮੈਂ ਕਿਹਾ, 'ਮੇਰੇ ਲੋਕਾਂ ਨੂੰ ਜਾਣ ਦੇ।' ਮੈਨੂੰ ਯਾਦ ਹੈ ਕਿ ਮੈਂ ਅਬਰਾਹਾਮ ਅਤੇ ਉਸਦੀ ਅੰਸ ਨਾਲ ਵਾਦਾ ਕੀਤਾ ਸੀ।"

420 ਇਹ ਉਹੀ ਚੀਜ਼ ਹੈ ਜੋ ਸਾਡੇ ਨਾਲ ਹੈ। ਇਸ ਲਈ ਜੇਕਰ ਤੁਸੀਂ ਮਰ ਚੁੱਕੇ ਹੋ, ਅਤੇ ਤੁਹਾਡਾ ਜੀਵਨ ਪਰਮੇਸ਼ੁਰ ਵਿੱਚ ਛੁਪਿਆ ਹੋਇਆ ਹੈ, ਮਸੀਹ ਰਾਹੀਂ, ਦੁਨੀਆਂ ਵਿੱਚ ਕੋਈ ਵੀ ਚੀਜ਼ ਤੁਹਾਨੂੰ ਛੂਹ ਨਹੀਂ ਸਕਦੀ। ਹੁਣ, ਤੁਸੀਂ ਜਾ ਸਕਦੇ ਹੋ ਅਤੇ ਗਲਤ ਕਰ ਸਕਦੇ ਹੋ, ਪਰ ਜੇ ਤੁਸੀਂ ਸੱਚਮੁੱਚ, ਸੱਚਮੁੱਚ, ਪਰਮੇਸ਼ੁਰ ਦੇ ਬੱਚੇ ਹੋ, ਅਤੇ ਤੁਸੀਂ ਦੇਖੋਗੇ ਕਿ ਤੁਸੀਂ ਇੱਕ ਗਲਤੀ ਕੀਤੀ ਹੈ, ਤੁਸੀਂ ਉੱਠੋਗੇ ਅਤੇ ਦੁਬਾਰਾ ਕੋਸ਼ਿਸ਼ ਕਰੋਗੇ। ਇਹ ਸਹੀ ਹੈ, ਅਤੇ ਤੁਸੀਂ ਉੱਥੇ ਨਹੀਂ ਬੈਠੋਗੇ।

421 ਪਰ ਜੇ ਤੁਸੀਂ ਕਾਇਰ ਹੋ, ਜੇ ਤੁਸੀਂ ਜੰਗਲੀ ਬੂਟੀ ਹੋ, ਜੇ ਤੁਹਾਡੇ ਵਿੱਚ ਕੋਈ "ਹੱਲਾਸ਼ੇਰੀ" ਨਹੀਂ ਹੈ, ਤੁਸੀਂ ਕਹੋਗੇ, "ਆਹ, ਠੀਕ ਹੈ, ਇਸ ਵਿੱਚ ਕੁਝ ਵੀ ਨਹੀਂ ਸੀ, ਕਿਸੇ ਵੀ ਤਰ੍ਹਾਂ।"

422 ਪਰਮੇਸ਼ੁਰ ਦਾ ਰਾਜ ਅਜਿਹਾ ਹੈ ਜਿਵੇਂ ਇੱਕ ਆਦਮੀ ਇੱਕ ਜਾਲ ਲੈ ਕੇ ਸਮੁੰਦਰ ਵਿੱਚ ਗਿਆ, ਉਸ ਵਿੱਚ ਸੁੱਟ ਦਿੱਤਾ। ਜਦੋਂ ਉਹ ਆਇਆ ਤਾਂ ਉਸ ਕੋਲ ਕੱਛੂ, ਡੱਡੂ, ਸੱਪ, ਕਿਰਲੀਆਂ, ਮੱਕੜੀਆਂ ਅਤੇ ਮੱਛੀਆਂ ਸਨ। ਇਹ ਇੰਜੀਲ ਹੈ ਜਦੋਂ ਇਸਦਾ ਪ੍ਰਚਾਰ ਕੀਤਾ ਜਾਂਦਾ ਹੈ।

423 ਜਿਵੇਂ ਪ੍ਰਭੂ ਇੱਕ ਸੇਵਕ ਨੂੰ ਕਹੇਗਾ, ਭਾਈ ਗ੍ਰਾਹਮ ਵਾਂਗ, "*ਇੱਥੇ* ਉੱਪਰ ਜਾਓ। *ਇਸ* ਨੁੱਕਰ ਵਿੱਚ ਜਾਓ ਅਤੇ ਥੋੜੀ ਦੇਰ ਲਈ, ਭਾਈ ਗ੍ਰਾਹਮ ਮੱਛੀ ਫੜੋ।" ਠੀਕ ਹੈ, ਆਪਣਾ ਜਾਲ ਲੈ ਕੇ ਉੱਥੇ ਜਾ ਕੇ ਮੱਛੀਆਂ ਫੜਨਾ ਸ਼ੁਰੂ ਕਰ ਦਿੰਦਾ ਹੈ।

"ਤੁਸੀਂ ਕਿੱਥੇ ਜਾ ਰਹੇ ਹੋ, ਭਾਈ ਬਿੱਲ?"

"ਮੈਂ ਕਿਤੇ ਹੋਰ ਜਾ ਰਿਹਾ ਹਾਂ, ਅਤੇ *ਇਸ* ਕੋਨੇ ਤੇ ਸੁੱਟੋ।"

424 ਮੈਂ ਖਿੱਚ ਰਿਹਾ ਹਾਂ, "ਉੱਥੇ ਉਹ ਹਨ, ਪ੍ਰਭੂ, ਤੁਸੀਂ ਜਾਣਦੇ ਹੋ ਕਿ ਉਹ ਕੀ ਹਨ।" ਮੈਂ ਫਿਰ ਜਾਲ ਖਿੱਚਦਾ ਹਾਂ, "ਠੀਕ ਹੈ, ਉਹ ਇੱਥੇ ਹਨ, ਪ੍ਰਭੂ।"

425 ਹੁਣ, ਕੱਛੂ ਇੱਕ ਕੱਛੂ ਹੀ ਸੀ, ਸ਼ੁਰੂਆਤ ਤੋਂ ਹੀ। ਤੁਸੀਂ ਬਸ ਜਾਲ ਵਿੱਚ ਫਸ ਗਏ ਹੋ। ਇਹ ਠੀਕ ਹੈ। ਅਤੇ ਇਸ ਤਰ੍ਹਾਂ ਲੋਕ ਭਾਵਨਾਵਾਂ ਵਿੱਚ ਫਸ ਜਾਂਦੇ ਹਨ, "ਔਹ, ਹਲਲੂਯਾਹ! ਹਲਲੂਯਾਹ! ਪ੍ਰਭੂ ਦੀ ਮਹਿਮਾ ਹੋਵੇ! ਪਰਮੇਸ਼ੁਰ ਦੀ ਮਹਿਮਾ! ਹਲਲੂਯਾਹ!" ਉਹ ਬੱਸ ਜਾਲ ਵਿੱਚ ਫਸ ਗਏ ਹਨ, ਇਹੀ ਸਭ ਹੈ।

426 ਜੇ ਉਹ ਪੁਰਾਣੀ ਕੱਛੂ ਦੀ ਆਤਮਾ ਉਨ੍ਹਾਂ ਵਿੱਚ ਹੈ, ਤਾਂ ਇਹ ਜਿਆਦਾ ਚਿਰ ਨਹੀਂ ਰਹੇਗਾ, ਉਹ ਕਹਿੰਦੇ ਹਨ, “ਖੈਰ, ਮੈਂ ਤੁਹਾਨੂੰ ਦੱਸਦਾ ਹਾਂ,...” ਇੱਥੇ ਉਹ ਜਾਂਦਾ ਹੈ, ਪਿੱਛੇ ਨੂੰ ਘਿਸਰਦਾ ਹੋਇਆ।

427 ਅਤੇ ਬੁੱਢੀ ਕ੍ਰਾਫਿਸ਼ ਕਹੇਗੀ, “ਪਰ ਮੈਂ ਇਸਨੂੰ ਸਮਝ ਨਹੀਂ ਸਕਦੀ।” ਵੇਖਿਆ?

428 ਮਿਸ ਸਪਾਈਡਰ ਥੋੜੀ ਦੇਰ ਉੱਥੇ ਬੈਠੀ ਸੀ, ਉਹ “ਪਲਪ, ਪਲਪ, ਪਲਪ” ਕਰਦੀ ਹੋਈ, ਬਿਲਕੁਲ ਵਾਪਸ ਚਲੀ ਗਈ, “ਖੈਰ, ਇਸ ਵਿੱਚ ਕੁਝ ਵੀ ਨਹੀਂ ਸੀ, ਕਿਸੇ ਵੀ ਤਰ੍ਹਾਂ।”

429 ਸ਼੍ਰੀ ਮਤੀ ਸੱਪ ਕਹੇਗੀ, “ਔਹ, ਉਹ ਪਵਿੱਤਰ-ਪਖੰਡੀਆਂ ਦਾ ਇੱਕ ਸਮੂਹ ਹਨ। ਬੱਸ ਇਹੀ ਸਭ ਕੁਝ ਹੈ। ਮੈਂ ਉੱਥੇ ਜਾਵਾਂਗੀ ਜਿੱਥੇ ਉਨ੍ਹਾਂ ਨੂੰ ਇਸ ਨਾਲੋਂ ਬਿਹਤਰ ਸਮਝ ਹੈ।” ਕਿਉਂ, ਤੁਸੀਂ ਇੱਕ ਸੱਪ ਹੋ, ਸ਼ੁਰੂਆਤ ਤੋਂ ਹੀ। ਇੰਜੀਲ ਦੇ ਜਾਲ ਨੇ ਤੁਹਾਨੂੰ ਫੜ ਲਿਆ, ਬੱਸ ਇਹੋ ਹੈ।

430 ਪਰ ਮੱਛੀ ਨੂੰ ਗੁਰੂ ਦੇ ਮੇਜ਼ ਤੇ ਲਿਜਾਇਆ ਜਾਂਦਾ ਹੈ। ਉਹ ਇੱਕ ਮੱਛੀ ਸੀ, ਸ਼ੁਰੂਆਤ ਤੋਂ ਹੀ। ਉਸ ਦਾ ਬੀਜ ਇੱਕ ਮੱਛੀ ਸੀ। ਜਦੋਂ ਉਸਨੇ ਸ਼ੁਰੂਆਤ ਕੀਤੀ, ਉਹ ਇੱਕ ਮੱਛੀ ਸੀ, ਅਤੇ ਪਰਮੇਸ਼ੁਰ ਨੇ ਸੰਸਾਰ ਦੀ ਨੀਂਹ ਤੋਂ ਉਸਦੀ ਮੱਛੀ ਨੂੰ ਜਾਣਿਆ। ਹਲਲੂਯਾਹ!

431 ਯਾਦ ਰੱਖੋ, ਉਹ ਸਾਰੇ ਉਸੇ ਗੰਦੇ ਪਾਣੀ ਵਿੱਚ ਸਾਹ ਲੈ ਰਹੇ ਹਨ। ਉਹ ਸਾਰੇ ਇੱਕੋ ਨਦੀ ਵਿੱਚੋਂ ਸਾਹ ਲੈ ਰਹੇ ਹਨ। ਇਹ ਠੀਕ ਹੈ। “ਅਸੀਂ ਸਾਰੇ ਬਣਾਏ ਗਏ...ਉਸੇ ਆਤਮਿਕ ਚੱਟਾਨ ਤੋਂ ਪੀਂਦੇ ਹਾਂ। ਸਾਰਿਆਂ ਨੇ ਉਜਾੜ ਵਿੱਚ ਮੰਨ ਖਾਧਾ।” ਕਾਲੇਬ ਅਤੇ ਯਹੋਸ਼ੁਆ ਉਹੀ ਮੰਨ ਖਾਂਦੇ ਸਨ ਜੋ—ਜੋ ਉਹ ਬਾਕੀ ਖਾਂਦੇ ਸਨ। ਅਤੇ ਉਹ ਸਾਰੇ ਉਜਾੜ ਵਿੱਚ ਡਿੱਗ ਪਏ। ਪਰ ਦੋ ਨੂੰ ਪਾਰ ਜਾਣ ਲਈ ਚੁਣਿਆ ਗਿਆ ਸੀ, ਅਤੇ ਉਹ ਚਲੇ ਗਏ। ਇਹ ਠੀਕ ਹੈ।

432 “ਸਾਨੂੰ ਸਾਰਿਆਂ ਨੂੰ ਇੱਕੋ ਝਰਨੇ ਦਾ ਪੀਣ ਲਈ ਬਣਾਇਆ ਗਿਆ ਹੈ।” ਪਰ ਜੋ ਪੀਂਦੇ ਹਨ ਉਹ ਸਾਰੇ ਬਚਾਏ ਨਹੀਂ ਜਾਂਦੇ। ਸਾਨੂੰ ਸਾਰਿਆਂ ਨੇ ਮਿਲ ਕੇ ਰੌਲਾ ਪਾਉਣ ਲਈ ਬਣਾਇਆ ਗਿਆ ਹੈ। ਅਸੀਂ ਸਾਰੇ ਇਕੱਠੇ ਅਨੰਦ ਕਰਨ ਲਈ ਬਣਾਏ ਗਏ ਹਾਂ। ਪਰ ਚੁਣੇ ਹੋਏ ਨੂੰ ਬਚਾਇਆ ਜਾਂਦਾ ਹੈ। ਕੀ ਤੁਸੀਂ ਧਿਆਨ ਦਿੱਤਾ? ਇਸ ਨੇ ਕਿਹਾ, “ਦੋ ਆਤਮਾਵਾਂ, ਆਖਰੀ ਦਿਨਾਂ ਵਿੱਚ, ਇੰਨੀਆਂ ਨੇੜੇ ਹੋਣਗੀਆਂ ਏਥੋਂ ਤੱਕ ਜੇ ਹੋ ਸਕਦਾ ਤਾਂ ਚੁਣੇ ਹੋਏ ਲੋਕਾਂ ਨੂੰ ਵੀ ਭਰਮਾਂ ਲੈਂਦੇ,” *ਜੇ* ਸੰਭਵ ਹੁੰਦਾ। ਸਮਝੇ? ਇਹ ਪਰਮੇਸ਼ੁਰ ਦਾ ਅਸਲ ਆਤਮਾ ਹੈ, ਜੋ ਸਦੀਪਕ ਜੀਵਨ ਲਈ ਚੁਣਿਆ ਗਿਆ ਹੈ।

433 ਹੁਣ ਅਸੀਂ ਬੰਦ ਕਰ ਰਹੇ ਹਾਂ। ਫਿਰ ਭਾਈ ਨੇਵਿਲ ਉੱਥੋਂ ਹੀ ਚੁੱਕ ਲਵੇਗਾ ਜਿੱਥੇ ਮੈਂ ਛੱਡਾਂਗਾ। ਠੀਕ ਹੈ।

*ਹੁਣ ਮੈਂ ਇਹ ਆਖਦਾ ਹਾਂ, ਭਈ ਉਸ ਨੇਮ ਨੂੰ ਜੋ ਪਰਮੇਸ਼ੁਰ ਨੇ ਅੱਗੇ ਹੀ ਬੰਨ੍ਹਿਆ ਹੈ, ਸੋ ਸ਼ਰਾ, ਜਿਹੜੀ ਉਸ ਤੋਂ ਚਾਰ ਸੌ ਵਰਿਹਾਂ, ਚਾਰ ਸੌ ਤੀਹਾਂ ਵਰਿਹਾਂ ਦੇ ਪਿੱਛੋਂ ਆਈ, ਉਸ ਨੂੰ ਅਕਾਰਥ ਨਹੀਂ ਕਰਦੀ, ਭਈ ਉਹ ਬਚਨ ਅਵਿਰਥਾ ਹੋ ਜਾਵੇ।*

ਇਹ ਉਹ ਵਾਅਦਾ ਹੈ ਜੋ ਪਰਮੇਸ਼ੁਰ ਨੇ ਅਬਰਾਹਾਮ ਨੂੰ ਦਿੱਤਾ ਸੀ, ਸ਼ਰਾ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ।

*ਕਿਉਂਕਿ ਜੇ—ਕਿਉਂਕਿ ਜੇ ਅਧਕਾਰ ਸ਼ਰਾ ਤੋਂ ਹੁੰਦਾ ਤਾਂ ਫੇਰ ਬਚਨ ਤੋਂ ਨਹੀਂ: ਪਰੰਤੂ ਪਰਮੇਸ਼ੁਰ ਨੇ ਅਬਰਾਹਾਮ ਲਈ ਉਹ ਨੂੰ ਬਚਨ ਦੇ ਰਾਹੀਂ ਦਾਨ ਕੀਤਾ ਹੈ।*

ਕਿਸੇ ਵੀ ਚੀਜ਼ ਦੁਆਰਾ ਨਹੀਂ ਜੋ ਤੁਸੀਂ ਕਰਦੇ ਹੋ, ਨਾ ਕਿਸੇ ਸ਼ਰਾ ਦੁਆਰਾ, ਤੁਹਾਡੇ ਚਰਚ ਦੇ ਕਿਸੇ ਕਾਨੂੰਨ ਦੁਆਰਾ, ਚਰਚ ਵਿੱਚ ਸ਼ਾਮਲ ਹੋ ਕੇ, ਜਾਂ ਕਿਸੇ ਹੋਰ ਸ਼ਰਾ ਦੁਆਰਾ। ਇਹ ਤੁਹਾਡੇ ਲਈ, ਪੂਰੀ ਤਰ੍ਹਾਂ ਪਰਮੇਸ਼ੁਰ ਦੀ ਕਿਰਪਾ ਦਾ ਕਾਰਜ ਹੈ। ਉਥੇ ਤੁਸੀਂ ਹੋ।

434 ਦੇਖੋ।

*ਫੇਰ ਸ਼ਰਾ ਕੀ ਹੈ? ਉਹ ਅਪਰਾਧਾਂ ਦੇ ਕਾਰਨ ਨਾਲ ਰਲਾਈ ਗਈ, ਕਿ ਜਿੰਨਾ ਚਿਰ ਉਹ ਅੰਸ ਜਿਹ ਨੂੰ ਬਚਨ ਦਿੱਤਾ ਹੋਇਆ ਹੈ ਨਾ ਆਵੇ ਉਹ ਬਣੀ ਰਹੇ;...*

ਕੀ ਇਹ ਮੇਰੇ ਚਿਹਰੇ ਤੇ ਨੱਕ ਵਾਂਗ ਸਾਫ ਨਹੀਂ ਹੈ? "ਉਹ ਅਪਰਾਧਾਂ ਦੇ ਕਾਰਨ ਨਾਲ ਰਲਾਈ ਗਈ, ਕਿ ਜਿੰਨਾ ਚਿਰ ਉਹ ਅੰਸ ਜਿਹ ਨੂੰ ਬਚਨ ਦਿੱਤਾ ਹੋਇਆ ਹੈ ਨਾ ਆਵੇ ਉਹ ਬਣੀ ਰਹੇ।"

*...ਅਤੇ ਉਹ ਦੂਤਾਂ ਦੇ ਰਾਹੀਂ ਅਤੇ ਇੱਕ ਵਿਚੋਲੇ ਦੇ ਹੱਥੀਂ ਠਹਿਰਾਈ ਗਈ।*

*ਹੁਣ ਵਿਚੋਲਾ ਇਕ ਦਾ ਨਹੀਂ ਹੁੰਦਾ, ਪਰੰਤੂ ਪਰਮੇਸ਼ੁਰ ਇੱਕੋ ਹੈ।*

435 ਹੁਣ, ਮੈਂ ਬਿਲਕੁਲ ਇੱਥੋਂ ਛੱਡਣ ਜਾ ਰਿਹਾ ਹਾਂ, ਇਸ ਆਉਣ ਵਾਲੇ ਬੁੱਧਵਾਰ ਲਈ ਭਾਈ ਨੇਵਿਲ ਲਈ, ਇੱਥੋਂ ਸ਼ੁਰੂ ਕਰਾਂਗਾ।

436 ਹੁਣ ਤੁਸੀਂ ਸਮਝ ਗਏ ਹੋ ਕਿ ਅਸੀਂ ਕੀ ਕਿਹਾ ਹੈ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਇਹ ਇੱਕ ਨਵੇਂ ਸਿਰਿਓਂ ਜਨਮੇ ਮਸੀਹੀ ਲਈ ਬਿਲਕੁਲ ਅਸੰਭਵ ਹੈ...ਮੇਰਾ ਮਤਲਬ ਇਹ ਨਹੀਂ ਹੈ, ਹੁਣ, ਉਹ ਆਪਣੇ ਆਪ

ਨੂੰ *ਕਹਿੰਦਾ* ਹੈ, "ਨਵੇਂ ਸਿਰਿਓਂ ਜੰਮਿਆ ਹੋਇਆ।" ਮੇਰਾ ਮਤਲਬ ਹੈ, ਇੱਕ ਅਸਲੀ, ਦੁਬਾਰਾ ਜਨਮਿਆ ਮਸੀਹੀ, ਉਹ ਕਿਰਪਾ ਤੋਂ ਕਦੇ ਡਿੱਗ ਜਾਵੇ, ਉਹ ਅਜਿਹਾ ਨਹੀਂ ਕਰ ਸਕਦਾ। ਉਹ ਡਿੱਗ ਸਕਦਾ ਹੈ, ਇਹ ਸਹੀ ਹੈ, ਪਰ ਉਹ ਉਸ ਕਿਰਪਾ ਤੋਂ, ਕਦੇ ਨਹੀਂ, ਬਾਹਰ ਨਿਕਲ ਸਕਦਾ।

ਅਬਰਾਹਾਮ ਕਿਰਪਾ ਤੋਂ ਡਿੱਗ ਗਿਆ। ਯਕੀਨਨ, ਉਸਨੇ ਕੀਤਾ। ਪਰਮੇਸ਼ੁਰ ਨੇ ਉਸ ਨੂੰ ਕਿਹਾ "ਉੱਥੇ ਰਹੋ।" ਉਹ ਇਸ ਤੋਂ ਬਾਹਰ ਚਲਾ ਗਿਆ, ਪਰ ਉਸਨੇ ਕਦੇ ਵੀ ਆਪਣਾ ਨੇਮ ਨਹੀਂ ਗੁਆਇਆ। ਉਹ ਅਜੇ ਵੀ ਪਰਮੇਸ਼ੁਰ ਦਾ ਚੁਣਿਆ ਹੋਇਆ ਸੀ। ਉਹ ਉੱਥੇ ਇੱਕ ਨਬੀ ਸੀ। ਉਹ ਹਮੇਸ਼ਾ ਸੀ। ਉਹ ਹਮੇਸ਼ਾ ਪਰਮੇਸ਼ੁਰ ਦਾ ਰਹੇਗਾ।

437 ਹੁਣ ਧਿਆਨ ਦਿਓ। ਬਾਈਬਲ ਕਹਿੰਦੀ ਹੈ ਕਿ, "ਸਾਰਾ ਇਸਰਾਏਲ ਬਚਾਇਆ ਜਾਵੇਗਾ।" ਇਹ ਕਿੰਨੇ ਕੁ ਜਾਣਦੇ ਹਨ? ਬਾਈਬਲ ਕਹਿੰਦੀ ਹੈ, "ਇਸਰਾਏਲ ਦੇ ਸਾਰੇ ਲੋਕ ਬਚਾਏ ਜਾਣਗੇ।" ਹੁਣ, "ਇਜ਼ਰਾਈਲ ਉਹ ਇਸਰਾਏਲ ਨਹੀਂ ਹੈ ਜੋ ਸਰੀਰ ਦਾ ਹੈ, ਪਰ ਆਤਮਾ ਦਾ ਇਸਰਾਏਲ, ਕਿਉਂਕਿ ਦਾਨ ਅਤੇ ਪੁਕਾਰ ਤੋਬਾ ਤੋਂ ਬਿਨਾਂ ਹਨ।" ਕੀ ਬਾਈਬਲ ਨੇ ਇਹੀ ਕਿਹਾ ਹੈ, ਅਗਲੀ ਹੀ ਆਇਤ ਵਿੱਚ? ਗਲਾਤੀਆਂ। ਠੀਕ ਹੈ। "ਸਾਰਾ ਇਸਰਾਏਲ ਬਚਾਇਆ ਜਾਵੇਗਾ। ਉਹਨਾਂ ਵਿੱਚੋਂ ਹਰ ਇੱਕ ਬਚ ਜਾਂਦਾ ਹੈ।" ਅਸੀਂ ਇਜ਼ਰਾਈਲ ਕਿਵੇਂ ਬਣੇ? "ਮਸੀਹ ਵਿੱਚ ਮਰ ਕੇ, ਅਬਰਾਹਾਮ ਦੇ ਬੀਜ ਨੂੰ ਲੈ ਕੇ, ਅਤੇ ਅਸੀਂ ਵਾਅਦੇ ਦੇ ਅਨੁਸਾਰ ਵਾਰਸ ਹਾਂ।"

438 ਪੌਲੁਸ ਨੇ ਕਿਹਾ, "ਜੋ ਬਾਹਰੋਂ ਹੈ ਉਹ ਯਹੂਦੀ ਨਹੀਂ ਹੈ, ਪਰ ਜੋ ਅੰਦਰੋਂ ਹੈ, ਉਹ ਯਹੂਦੀ ਹੈ, ਵਾਅਦਾ ਕੀਤੇ ਹੋਏ ਹਨ।" ਅਤੇ ਅਸੀਂ ਅਬਰਾਹਾਮ ਦੀ ਸੰਤਾਨ ਹਾਂ, ਵਾਅਦੇ ਦੁਆਰਾ, ਮਸੀਹ ਦੁਆਰਾ, ਉਸ ਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕਰਦੇ ਹੋਏ।

439 ਔਹ, ਮੈਨੂੰ ਉਮੀਦ ਹੈ ਕਿ ਤੁਸੀਂ ਇਸਨੂੰ ਵੇਖੋਗੇ। ਮੈਨੂੰ ਉਮੀਦ ਹੈ ਕਿ ਤੁਸੀਂ ਇਹ ਸਮਝ ਜਾਓਗੇ, ਜੇਕਰ ਤੁਸੀਂ ਇਸਦੇ ਨਾਲ ਥੋੜਾ ਸਮਾਂ ਰਹਿ ਸਕਦੇ ਹੋ। ਹੁਣ ਇੱਥੇ ਅਸੀਂ ਇਸਨੂੰ ਖਤਮ ਕਰਦੇ ਹਾਂ, ਫਿਰ ਅਸੀਂ ਮਲਕੀਸਿਦਕ ਤੋਂ ਸ਼ੁਰੂ ਕਰਦੇ ਹਾਂ, ਜੋ ਇਸਨੂੰ ਦੁਬਾਰਾ ਵਾਪਸ ਲਿਆਉਂਦਾ ਹੈ। ਅਸੀਂ ਸਿੱਧਾ ਇਸ ਪਾਸੇ ਤੋਂ ਸ਼ੁਰੂ ਕਰਦੇ ਹਾਂ...ਔਹ, ਇਹ ਬੱਸ, ਸਾਰੀ ਦੀ ਸਾਰੀ ਚੀਜ਼ ਸ਼ਾਨਦਾਰ ਹੈ। ਪਰ ਅਸੀਂ ਉਨ੍ਹਾਂ ਮਲਾਈ ਵਾਲੀਆਂ ਚੀਜ਼ਾਂ ਵਿੱਚ ਹੀ ਆਉਂਦੇ ਰਹਿੰਦੇ ਹਾਂ।

440 ਹੁਣ, ਦੇਖੋ, ਜੇ ਤੁਸੀਂ ਇਸਨੂੰ *ਇੱਥੇ* ਲਿਆ ਹੈ, ਤਾਂ ਇਹ ਇਸ ਤਰ੍ਹਾਂ ਦਿਖਾਈ ਦਿੰਦਾ ਹੈ, ਜੇਕਰ ਤੁਸੀਂ ਇਸਨੂੰ ਸਿਰਫ਼ ਨਿਰੀਖਣ ਤੋਂ ਪੜ੍ਹ ਸਕਦੇ

ਹੋ, ਇੱਕ ਅਸਲੀ ਸਖ਼ਤ ਤ੍ਰਿਏਕਵਾਦੀ ਵਾਂਗ, ਜੋ ਵਿਸ਼ਵਾਸ ਕਰਦਾ ਹੈ ਕਿ ਤਿੰਨ ਪਰਮੇਸ਼ੁਰ ਹਨ, ਮੈਨੂੰ ਇੱਕ ਵਾਰ ਕਿਹਾ ਸੀ, "ਮੱਤੀ 3 ਨੇ ਪੂਰੀ ਤਰ੍ਹਾਂ ਘੋਸ਼ਿਤ ਕੀਤਾ ਕਿ ਤਿੰਨ ਸਨ, ਪਰਮੇਸ਼ੁਰਤਵ ਵਿੱਚ ਤਿੰਨ ਵਿਅਕਤੀਗਤ ਵਿਅਕਤੀ ਸਨ।"

441 ਮੈਂ ਕਿਹਾ, "ਮੈਂ ਇਸ ਨੂੰ ਵੇਖਣਾ ਹੈ।"

442 ਉਸ ਨੇ ਕਿਹਾ, "ਦੇਖੋ।" ਠੀਕ ਇਸ ਮੰਚ ਤੋਂ ਖੜ੍ਹੇ ਹੋ ਕੇ, ਉਸਨੇ ਕਿਹਾ, "ਇੱਥੇ ਦੇਖੋ, ਮੱਤੀ 3," ਕਿਹਾ, "'ਜਦੋਂ ਯਿਸੂ ਤੁਰੰਤ ਪਾਣੀ ਵਿੱਚੋਂ ਬਾਹਰ ਨਿਕਲਿਆ, ਵੇਖੋ, ਅਕਾਸ਼ ਉਸ ਲਈ ਖੁੱਲ੍ਹ ਗਿਆ, ਅਤੇ ਉਸਨੇ ਪਰਮੇਸ਼ੁਰ ਦੇ ਆਤਮਾ ਨੂੰ ਕਬੂਤਰ ਵਾਂਗ ਦੇਖਿਆ। ਅਤੇ ਸਵਰਗ ਤੋਂ ਅਵਾਜ਼ ਇਹ ਆਖਦੀ ਹੋਈ, "ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਵਿੱਚ ਰਹਿ ਕੇ ਮੈਂ ਪ੍ਰਸੰਨ ਹਾਂ।"' ਅਤੇ ਉੱਥੇ ਤਿੰਨ ਸਨ: ਕੰਢੇ ਤੇ ਪੁੱਤਰ; ਵਿਚਕਾਰ ਪਵਿੱਤਰ ਆਤਮਾ; ਅਤੇ ਪਿਤਾ ਉੱਪਰ।"

ਮੈਂ ਕਿਹਾ, "ਭਾਈ, ਲਿਖਤ *ਇਸ* ਤਰ੍ਹਾਂ ਨਹੀਂ ਕਹਿੰਦੀ।"

"ਔਹ, ਹਾਂ ਇਹ ਕਹਿੰਦੀ ਹੈ!"

ਮੈਂ ਕਿਹਾ, "ਹੁਣ ਇਸਨੂੰ ਦੁਬਾਰਾ ਪੜ੍ਹੋ, ਪਤਾ ਲਗਾਓ ਕਿ ਕੀ ਇਹ ਕਹਿੰਦੀ ਹੈ।"

443 ਹੁਣ, ਇੱਥੇ ਉਸਦੀ ਤਸਵੀਰ ਹੈ। *ਇੱਥੇ* ਪਰਮੇਸ਼ੁਰ, ਪੁੱਤਰ ਹੈ; *ਉੱਥੇ* ਪਰਮੇਸ਼ੁਰ, ਪਿਤਾ ਹੈ; *ਇੱਥੇ* ਪਰਮੇਸ਼ੁਰ, ਪਵਿੱਤਰ ਆਤਮਾ, ਕੱਬੂਤਰ ਵਾਂਗ ਹੈ। ਹੁਣ ਦੇਖੋ। ਬਾਈਬਲ ਕਹਿੰਦੀ ਹੈ, ਜਦੋਂ ਯਿਸੂ ਨੂੰ ਬਪਤਿਸਮਾ ਦਿੱਤਾ ਗਿਆ ਸੀ, "ਪੁੱਤਰ ਪਾਣੀ ਵਿੱਚੋਂ ਤੁਰੰਤ ਬਾਹਰ ਨਿਕਲਿਆ, ਵੇਖੋ, ਉਸਦੇ ਉੱਪਰ ਅਕਾਸ਼ ਖੁਲ੍ਹ ਗਿਆ ਸੀ। ਅਤੇ ਦੀ ਇੱਕ ਅਵਾਜ ਕਹਿੰਦੀ ਹੋਈ…" ਉਸ ਨੇ ਪਰਮੇਸ਼ੁਰ ਦਾ ਆਤਮਾ, ਪਰਮੇਸ਼ੁਰ ਦਾ ਆਤਮਾ, ਇੱਕ ਕੱਬੂਤਰ ਵਾਂਗ ਦੇਖਿਆ। *ਉੱਥੇ* ਕੋਈ ਹੋਰ ਵਿਅਕਤੀ ਨਹੀਂ, ਪਰ ਪਰਮੇਸ਼ੁਰ ਦਾ ਆਤਮਾ ਕੱਬੂਤਰ ਸੀ ਜੋ ਉਸ ਦੇ ਉੱਪਰ ਸੀ, ਅਤੇ ਇੱਕ ਅਵਾਜ਼ ਆ ਰਹੀ ਹੈ, ਕਹਿੰਦੀ ਹੈ, "ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਦੇ ਅੰਦਰ ਮੈਂ ਨਿਵਾਸ ਕਰ ਕੇ ਪ੍ਰਸੰਨ ਹਾਂ।" ਹੁਣ ਮੱਤੀ 3 ਪੜ੍ਹੋ ਅਤੇ ਦੇਖੋ ਕਿ ਕੀ ਇਹ ਇਹ ਨਹੀਂ ਕਹਿੰਦਾ ਹੈ। ਵੇਖਿਆ? ਤਿੰਨ ਲੋਕ ਨਹੀਂ ਹਨ, ਬਿਲਕੁਲ ਨਹੀਂ।

444 ਅਤੇ ਇਹ ਤਰੀਕਾ ਹੈ…ਇਹ ਇਹ ਨਹੀਂ ਕਹਿੰਦਾ ਕਿ ਆਦਮੀ ਲਈ ਕਦੇ ਵੀ ਵਾਪਸ ਆਉਣਾ ਅਸੰਭਵ ਹੈ, ਫਿਰ, ਜਦੋਂ ਉਹ ਪਿੱਛੇ ਹਟਦਾ ਹੈ। ਇਹ ਇਹ ਨਹੀਂ ਕਹਿੰਦਾ। ਇਹ ਇਹ ਨਹੀਂ ਕਹਿੰਦਾ। ਇਹ ਕਹਿੰਦਾ ਹੈ, "ਇੱਕ ਵਾਰ ਉੱਥੇ

ਜਾਣ ਤੋਂ ਬਾਅਦ, ਇੱਕ ਆਦਮੀ ਲਈ ਆਪਣੇ ਆਪ ਨੂੰ ਨਵਾਂ ਕਰਣ ਲਈ ਵਾਪਸ ਆਉਣਾ ਅਸੰਭਵ ਹੈ।" ਉਹ ਅਜਿਹਾ ਨਹੀਂ ਕਰ ਸਕਦਾ।

445 ਬਾਈਬਲ ਨੇ ਕਿਹਾ, "ਉਹ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ, ਉਹ ਪਾਪ ਨਹੀਂ ਕਰਦਾ, ਕਿਉਂਕਿ ਉਹ ਪਾਪ ਨਹੀਂ ਕਰ ਸਕਦਾ। ਕਿਉਂਕਿ ਪਰਮੇਸ਼ੁਰ ਦਾ ਬੀਜ ਉਸ ਵਿੱਚ ਰਹਿੰਦਾ ਹੈ, ਅਤੇ ਉਹ ਪਾਪ ਨਹੀਂ ਕਰ ਸਕਦਾ।" ਮੈਨੂੰ ਪਾਪੀ ਕਿਵੇਂ ਕਿਹਾ ਜਾ ਸਕਦਾ ਹੈ, ਜਦੋਂ ਮੇਰੀ ਜਗ੍ਹਾ ਲੈਣ ਲਈ ਬਲੀਦਾਨ ਪਿਆ ਹੈ? ਮੈਂ ਕਿਵੇਂ ਮਰ ਸਕਦਾ ਹਾਂ, ਜਦੋਂ ਮੌਤ ਮੇਰੇ ਲਈ ਚੁਕਾਈ ਗਈ ਹੈ? ਮੈਂ ਕਿਵੇਂ ਮਰ ਸਕਦਾ ਹਾਂ, ਜਦੋਂ ਮੈਨੂੰ ਸਦੀਪਕ ਜੀਵਨ ਮਿਲ ਗਿਆ ਹੈ? ਮੈਂ ਇਹ ਕਿਵੇਂ ਕਰ ਸਕਦਾ ਹਾਂ? ਤੁਸੀਂ ਇਹ ਨਹੀਂ ਕਰ ਸਕਦੇ।

446 ਇਹ ਕਿਵੇਂ ਹੋ ਸਕਦਾ ਹੈ ਕਿ ਜੇ ਮੈਂ ਇਸ ਸ਼ਹਿਰ ਦੇ ਮੇਅਰ ਤੋਂ ਇਸ ਸ਼ਹਿਰ ਵਿੱਚੋਂ ਸੱਠ ਮੀਲ ਪ੍ਰਤੀ ਘੰਟਾ ਗੱਡੀ ਦੁੜਾਉਣ ਲਈ ਲਿਖਤੀ ਆਗਿਆ ਲਈ ਹੋਵੇ, ਅਤੇ ਕੋਈ ਅਧਿਕਾਰੀ ਮੈਨੂੰ ਸੱਠ ਮੀਲ ਪ੍ਰਤੀ ਘੰਟਾ ਦੌੜਨ ਲਈ ਗ੍ਰਿਫਤਾਰ ਕਰ ਰਿਹਾ ਹੈ? ਤੁਸੀਂ ਇਹ ਕਿਵੇਂ ਕਰ ਸਕਦੇ ਹੋ? ਮੈਨੂੰ ਮੇਅਰ ਤੋਂ ਮਨਜ਼ੂਰੀ ਮਿਲੀ ਹੋਈ ਹੈ ਜੋ ਕਹਿੰਦੀ ਹੈ ਕਿ ਮੈਂ ਇਹ ਕਰ ਸਕਦਾ ਹਾਂ। ਉਹ ਮੈਨੂੰ ਗ੍ਰਿਫਤਾਰ ਨਹੀਂ ਕਰ ਸਕਦਾ। ਉਸਦੀ—ਉਸਦੀ ਗ੍ਰਿਫਤਾਰੀ, ਉਹ ਸੀਟੀਆਂ ਅਤੇ ਹੋਰ ਸਭ ਕੁਝ ਵਜਾ ਸਕਦਾ ਹੈ, ਅਤੇ ਮੈਂ ਇਸਨੂੰ ਨਜ਼ਰਅੰਦਾਜ਼ ਕਰ ਸਕਦਾ ਹਾਂ। ਇਸ ਦਾ ਕੋਈ ਮਤਲਬ ਨਹੀਂ ਹੈ; ਮੇਰੇ ਕੋਲ ਇੱਕ ਆਗਿਆ ਪੱਤਰ ਹੈ।

447 ਅਤੇ ਫਿਰ, ਮੈਂ ਕਿਵੇਂ ਹੋ ਸਕਦਾ ਹਾਂ, ਜਦ ਮਸੀਹ ਮੇਰੇ ਲਈ ਮਰ ਗਿਆ ਹੈ ਅਤੇ ਮੈਂ ਉਸਦੀ ਧਾਰਮਿਕਤਾ ਬਣ ਗਿਆ ਹਾਂ ਉਸ ਦੀ ਕਿਰਪਾ ਅਤੇ ਮੇਰੇ ਲਈ ਪਿਆਰ ਦੇ ਕਾਰਨ? ਮੈਂ ਕਿਵੇਂ ਪਾਪ ਕਰ ਸਕਦਾ ਹਾਂ, ਜਦੋਂ ਕਿ ਮੇਰੇ ਅਤੇ ਪਰਮੇਸ਼ੁਰ ਦੇ ਵਿਚਕਾਰ ਕੁਝ ਪਿਆ ਹੋਇਆ ਹੈ, ਇੱਕ ਬਲੀਦਾਨ? ਮੈਂ ਪਾਪ ਨਹੀਂ ਕਰ ਸਕਦਾ। ਇਹ ਨਹੀਂ ਕਰ ਸਕਦਾ। ਪਰਮੇਸ਼ੁਰ ਮੈਨੂੰ ਕਦੇ ਨਹੀਂ ਦੇਖਦਾ; ਉਹ ਮਸੀਹ ਨੂੰ ਦੇਖਦਾ ਹੈ। ਉਹ ਮੇਰੀ ਥਾਂ ਤੇ ਖੜ੍ਹਾ ਹੈ। ਅਤੇ ਜਦੋਂ ਮੈਂ ਕੁਝ ਗਲਤ ਕਰਦਾ ਹਾਂ, ਮਸੀਹ ਮੇਰੀ ਥਾਂ ਲੈਂਦਾ ਹੈ। ਮੈਂ ਆਪਣਾ ਇਕਬਾਲ ਕੀਤਾ, "ਮੈਂ ਗਲਤ ਹਾਂ। ਉਹ ਸਹੀ ਹੈ। ਪ੍ਰਭੂ, ਤੁਸੀਂ ਮੇਰੇ ਦਿਲ ਨੂੰ ਜਾਣਦੇ ਹੋ। ਤੁਸੀਂ ਜਾਣਦੇ ਹੋ ਕਿ ਮੇਰਾ ਮਤਲਬ ਹੈ ਜਾਂ ਨਹੀਂ। ਅਤੇ ਮੈਂ ਗਲਤ ਹਾਂ। ਮੈਨੂੰ ਮਾਫ਼ ਕਰ ਦੇਵੋ।" ਪਰਮੇਸ਼ੁਰ ਇਸ ਨੂੰ ਕਦੇ ਨਹੀਂ ਦੇਖਦਾ। ਯਿਸੂ ਦੇ ਲਹੂ ਨੇ ਮੈਨੂੰ, ਹਰ ਸਮੇਂ ਢੱਕਿਆ ਹੋਇਆ ਹੈ। ਫਿਰ ਪਰਮੇਸ਼ੁਰ ਮੈਨੂੰ ਕਿਵੇਂ ਦੇਖ ਸਕਦਾ ਹੈ? ਪਾਪ ਕਿਵੇਂ ਮੇਰੇ ਲਈ ਗਿਣਿਆ ਜਾਵੇ—ਜਾਵੇ, ਜਦੋਂ ਉਹ ਇਹ

ਨਹੀਂ ਕਰ ਸਕਦਾ? ਜਿਵੇਂ ਹੀ ਮੈਂ ਇਹ ਕਰਦਾ ਹਾਂ, ਇਹ ਮਾਫ਼ ਹੋ ਜਾਂਦਾ ਹੈ। [ਭਾਈ ਬ੍ਰਨਹਾਮ ਚੁਟਕੀ ਵਜਾਉਂਦੇ ਹਨ—ਸੰਪਾ.] ਇਹ ਸਹੀ ਹੈ।

448 ਜਿਵੇਂ ਕਿ ਇੱਕ—ਇੱਕ *ਇਸ* ਤਰ੍ਹਾਂ ਦਾ ਇੱਕ ਛੋਟਾ ਜਿਹਾ ਬੂੰਦ ਪਾਉਣ ਵਾਲਾਂ, ਛੋਟਾ ਜਿਹਾ ਅੱਖਾਂ ਵਿੱਚ ਬੂੰਦ ਪਾਉਣ ਵਾਲਾ, ਅਤੇ ਇਸਨੂੰ ਕਾਲੀ ਸਿਆਹੀ ਨਾਲ ਭਰੋ ਅਤੇ ਇਸਨੂੰ ਬਲੀਚ ਦੇ ਇੱਕ ਟੱਬ ਉੱਤੇ ਰੱਖੋ, ਅਤੇ ਇਸਦੀ ਇੱਕ ਬੂੰਦ ਉਸ ਵਿੱਚ ਸੁੱਟ ਦਿਓ, ਅਤੇ ਫਿਰ ਇਸਨੂੰ ਦੁਬਾਰਾ ਲੱਭਣ ਦੀ ਕੋਸ਼ਿਸ਼ ਕਰੋ। ਇਹ ਬਸ ਬਲੀਚ ਬਣ ਜਾਂਦਾ ਹੈ। ਸਿਆਹੀ ਬਲੀਚ ਬਣ ਜਾਂਦੀ ਹੈ। ਅਤੇ ਇਹੀ ਹੈ, ਜੇ ਤੁਸੀਂ ਮਸੀਹ ਵਿੱਚ ਹੋ, ਆਪਣੇ ਪਾਪਾਂ ਦਾ ਇਕਰਾਰ ਕੀਤਾ ਹੈ। ਤੁਹਾਡੇ ਅਤੇ ਪਰਮੇਸ਼ੁਰ ਦੇ ਵਿਚਕਾਰ ਬਲੀਚ ਦਾ ਪੂਰਾ ਟੱਬ ਹੈ, ਅਤੇ ਤੁਹਾਡਾ ਪਾਪ ਧਾਰਮਿਕਤਾ ਹੋ ਜਾਂਦਾ ਹੈ ਕਿਉਂਕਿ ਇੱਕ ਧਰਮੀ ਬਲੀਦਾਨ ਤੁਹਾਡੇ ਲਈ ਉਡੀਕ ਕਰ ਰਿਹਾ ਹੈ।

> ਜਦੋਂ ਮੈਂ ਦਿਨ ਦੇ ਅੰਤ ਵਿੱਚ ਨਦੀ ਤੇ ਆਉਂਦਾ ਹਾਂ,
> ਅਤੇ ਦੁੱਖ ਦੀ ਆਖਰੀ ਹਵਾ ਵਗ ਚੁੱਕੀ ਹੈ;
> ਇੱਕ ਵਿਚਾਰ ਹੈ ਜੋ ਮੈਨੂੰ ਖੁਸ਼ ਕਰਦਾ ਹੈ ਅਤੇ ਮੇਰੇ ਦਿਲ
> ਨੂੰ ਆਨੰਦ ਕਰਦਾ ਹੈ,
> ਮੈਨੂੰ ਇਕੱਲੇ ਹੀ ਜਰਦਨ ਪਾਰ ਨਹੀਂ ਕਰਨੀ ਪਵੇਗੀ।

449 ਇਹ ਇੱਕ ਚੰਗੀ ਗੱਲ ਹੈ। ਇਹ ਇੱਕ ਚੰਗੀ ਗੱਲ ਹੈ। ਮੈਨੂੰ ਇਸ ਨੂੰ ਪਾਰ ਨਹੀਂ ਕਰਨਾ ਪਵੇਗਾ। ਇਹਨਾਂ ਦਿਨਾਂ ਵਿੱਚੋਂ ਇੱਕ, ਅਸੀਂ ਸਫ਼ਰ ਦੇ ਅੰਤ ਵਿੱਚ ਆ ਰਹੇ ਹਾਂ। ਸੂਰਜ ਚਮਕਣ ਤੋਂ ਇਨਕਾਰ ਕਰ ਦੇਵੇਗਾ, ਫਿਰ ਪਰਮੇਸ਼ੁਰ ਬੁਲਾਵੇਗਾ।

450 ਆਦਮ ਹੱਥ ਵਧਾਵੇਗਾ ਅਤੇ ਹੱਵਾਹ ਨੂੰ ਹਿਲਾਵੇਗਾ, ਅਤੇ ਕਹੇਗਾ, "ਪਿਆਰੀ, ਇਹ ਇੱਥੇ ਹੈ। ਇਹ ਜਾਗਣ ਦਾ ਸਮਾਂ ਹੈ।"

451 ਹੱਵਾਹ ਬਾਂਹ ਵਧਾਵੇਗੀ ਅਤੇ ਹਾਬਲ ਨੂੰ ਫੜ ਲਵੇਗੀ, ਕਹੇਗੀ, "ਅੱਗੇ ਆਓ, ਪਿਆਰੇ। ਇਹ ਜਾਗਣ ਦਾ ਸਮਾਂ ਹੈ।" ਹਾਬਲ ਸੇਤ ਨੂੰ ਫੜ ਲਵੇਗਾ। ਅਤੇ ਸੇਤ ਨੂਹ ਨੂੰ ਫੜ ਲਵੇਗਾ। ਨੂਹ ਫੜ ਲਵ...ਓਹ, ਹੇਠਾਂ, ਅਬਰਾਹਾਮ ਵੱਲ, ਅਤੇ ਹੇਠਾਂ ਜਿਵੇਂ ਉਹ ਆਉਂਦੇ ਹਨ। ਜਦੋਂ ਪਰਮੇਸ਼ੁਰ ਦਾ ਪੁੱਤਰ ਆਵੇਗਾ ਤਾਂ ਇਹ ਬਹੁਤ ਹਿੱਲਣ ਅਤੇ ਜਗਾਉਣ ਵਾਲਾ ਹੋਵੇਗਾ। ਅਸੀਂ ਉਸ ਦਿਨ ਉਸ ਦੇ ਸਰੂਪ ਵਿੱਚ ਖੜੇ ਹੋਵਾਂਗੇ।

452 ਹੁਣ, ਜੇ ਤੁਸੀਂ ਇੱਥੇ ਪਾਪ ਕਰਦੇ ਹੋ, ਤਾਂ ਤੁਸੀਂ ਇਸਦਾ ਭੁਗਤਾਨ ਕਰਨ ਜਾ ਰਹੇ ਹੋ। ਮੈਂ...

453 ਬੱਸ ਮੇਰੇ ਮਨ ਵਿੱਚ ਆ ਰਿਹਾ ਸੀ, ਮੈਂ ਇਸਨੂੰ ਦੱਸਣਾ ਹੈ। ਮੈਂ ਚਾਰ ਜਾਂ ਪੰਜ ਵਾਰ, ਇਸਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਨੂੰ ਇਹ ਕਹਿਣਾ ਹੈ। ਕਿੰਨੇ ਲੋਕ ਇਸ ਭਾਈ, ਪਾਸਟਰ ਨੂੰ ਯਾਦ ਕਰਦੇ ਹਨ, ਜੋ ਇੱਥੇ ਪਰਮੇਸ਼ੁਰ ਦੀ ਕਲੀਸਿਯਾ ਵਿੱਚ ਹੁੰਦਾ ਸੀ? ਭਾਈ, ਬਿਲਕੁਲ ਇੱਥੇ, ਉਸਦਾ ਨਾਮ ਕੀ ਸੀ? ਉੱਥੇ ਵੋਰਗੈਂਗ ਲਈ ਕੰਮ ਕਰਦਾ ਸੀ। ਓਹ, ਤੁਸੀਂ ਸਾਰੇ...ਪਰਮੇਸ਼ੁਰ ਦੀ ਪਹਿਲੀ ਕਲੀਸਿਯਾ, ਠੀਕ ਇੱਥੇ ਨੁੱਕਰ ਵਿੱਚ। ਜਾਂ, ਮੰਦੀ ਦੇ ਸਮੇਂ ਵਿੱਚ ਰਾਵਲੇ ਨੂੰ ਵੇਚਣ ਲਈ ਵਰਤਿਆ ਜਾਂਦਾ ਸੀ। ਇੱਕ ਸੱਚਾ ਧਰਮੀ, ਸੰਤ ਪੁਰਸ਼। ਭਾਈ ਸਮਿਥ ਨੇ ਉੱਥੇ ਆਪਣੀ ਜਗ੍ਹਾ ਲੈ ਲਈ। ਮੈਂ ਕੁਝ ਮਿੰਟਾਂ ਵਿੱਚ ਉਸਦਾ ਨਾਮ ਬੁਲਾਵਾਂਗਾ। ਉਹ ਇੱਕ ਪਰਮੇਸ਼ੁਰ ਦੁਆਰਾ ਬਚਾਇਆ ਗਿਆ ਆਦਮੀ ਸੀ।

454 ਯਾਦ ਰੱਖੋ, ਜੇ ਤੁਸੀਂ ਸੁਧਾਰ ਲਈ ਨਹੀਂ ਚੱਲਦੇ, ਅਤੇ ਤੁਸੀਂ ਇੱਕ ਮਸੀਹੀ ਵਜੋਂ ਕੁਝ ਗਲਤ ਕਰਦੇ ਹੋ, ਤਾਂ ਪਰਮੇਸ਼ੁਰ ਤੁਹਾਨੂੰ ਚੇਤਾਵਨੀ ਦੇਵੇਗਾ। ਅਤੇ ਫਿਰ ਜੇ ਤੁਸੀਂ ਚੇਤਾਵਨੀ ਨਹੀਂ ਲੈਂਦੇ ਹੋ, ਤਾਂ ਉਹ ਤੁਹਾਨੂੰ ਧਰਤੀ ਤੋਂ ਦੂਰ ਲੈ ਜਾਵੇਗਾ। ਇਹੀ ਉਸਨੇ ਕੀਤਾ ਹੈ।

455 ਤੁਹਾਨੂੰ ਬਾਈਬਲ ਵਿਚ ਯਾਦ ਹੈ? ਉਸ ਕੁਰੰਥੀਆਂ ਦੀ ਕਲੀਸਿਯਾ ਨੂੰ ਦੇਖੋ। ਉਸਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਮਸੀਹ ਵਿੱਚ, ਸਥਾਨ ਦੇ ਤੌਰ ਤੇ, ਕੀ ਸਨ। ਪਰ ਉਸ ਨੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਕਿ ਕੀ ਹੋਣ ਵਾਲਾ ਸੀ। ਅਤੇ ਉਹਨਾਂ ਨੇ ਆਪਣੇ ਆਪ ਨੂੰ ਸੁਧਾਰਿਆ, ਪਰਮੇਸ਼ੁਰ ਨਾਲ, ਸਿੱਧੇ ਹੋ ਗਏ।

456 ਅਤੇ ਇਹ ਛੋਟਾ ਭਾਈ, ਉਹ ਇੱਕ ਸ਼ਾਨਦਾਰ ਛੋਟਾ ਭਾਈ ਸੀ, ਮੇਰਾ ਵਿਸ਼ਵਾਸ ਹੈ, ਇੱਕ ਪਰਮੇਸ਼ੁਰ ਦੁਆਰਾ ਬਚਾਇਆ ਗਿਆ ਆਦਮੀ ਸੀ। ਅਤੇ ਉਸਨੇ ਉਸਨੂੰ ਇੱਥੇ ਹੇਠਾਂ ਇੱਕ ਨੌਕਰੀ ਮਿਲ ਗਈ...ਵੋਰਗੈਂਗ ਕੋਲ। ਜੇ ਉਸਦੇ ਕੁਝ ਲੋਕ ਇੱਥੇ ਬੈਠੇ ਹੋਏ ਹਨ, ਤਾਂ ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਹ ਨਹੀਂ ਸੋਚੋਗੇ ਕਿ ਮੈਂ...ਮੈਂ ਤੁਹਾਨੂੰ ਨਹੀਂ ਜਾਣਦਾ ਕਿ ਤੁਸੀਂ ਇੱਥੇ ਬੈਠੇ ਹੋਏ ਹੋ। ਪਰ, ਰਾਮਸੇ, ਭਾਈ ਰਾਮਸੇ, ਇੱਥੇ ਚਰਚ ਆਫ਼ ਗੌਡ ਵਿਖੇ ਭਾਈ ਰਾਮਸੇ ਕਿੰਨੀਆਂ ਨੂੰ ਯਾਦ ਹਨ? ਯਕੀਨਨ, ਤੁਹਾਨੂੰ ਯਾਦ ਹੈ, ਸ਼ਾਨਦਾਰ ਛੋਟਾ ਆਦਮੀ। ਅਤੇ ਉਹ ਮੇਰੇ ਘਰ ਆਉਂਦਾ ਸੀ ਅਤੇ ਅਸੀਂ ਇਕੱਠੇ ਗੱਲਾਂ ਕਰਦੇ ਸੀ, ਅਤੇ ਅਸੀਂ ਉੱਥੇ ਬੈਠਦੇ ਅਤੇ ਰੋਂਦੇ ਅਤੇ ਇੱਕ ਦੂਜੇ ਦੇ ਹੱਥ ਫੜਦੇ; ਇੱਕ ਅਸਲੀ ਮਸੀਹੀ।

457 ਇੱਕ ਦਿਨ ਮੈਂ ਉਸ ਵਿੱਚ ਹੇਠਾਂ ਗਿਆ, ਹਾਲ ਹੀ ਵਿੱਚ ਇੱਕ ਸਭਾ ਕਰਕੇ ਵਿਦੇਸ਼ ਤੋਂ ਆਇਆ ਸੀ, ਆਪਣੀ ਕਾਰ ਦੀ ਜਾਂਚ ਕਰਵਾਉਣੀ ਸੀ, ਭਾਈ ਰਾਮਸੇ ਨੇ ਕਿਹਾ, "ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ, ਬਿਲੀ?"

458 ਮੈਂ ਕਿਹਾ, "ਉਸਦੀ ਜਾਂਚ ਕਰੋ, ਭਾਈ ਰਾਮਸੇ। ਤੇਲ ਬਦਲੋ।"

459 "ਠੀਕ ਹੈ," ਉਸ ਨੇ ਕਿਹਾ, "ਵਧੀਆ, ਗੱਡੀ ਹੈ।" ਕਿਹਾ, "ਤੁਹਾਡੀ ਸਭਾ ਚੰਗੀ ਰਹੀ?"

460 ਮੈਂ ਕਿਹਾ, "ਔਹ, ਭਾਈ ਰਾਮਸੇ, ਇਹ ਸ਼ਾਨਦਾਰ ਸੀ।" ਮੈਂ ਕਿਹਾ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਕਦੇ ਮੇਰੇ ਨਾਲ ਆਵੋ। ਤੁਸੀਂ ਮੇਰੇ ਨਾਲ ਕਿਉਂ ਨਹੀਂ ਜਾਂਦੇ?"

ਉਸ ਨੇ ਕਿਹਾ, "ਮੈਂ ਹੁਣ ਪ੍ਰਭੂ ਦੀ ਸੇਵਾ ਨਹੀਂ ਕਰਦਾ, ਬਿਲੀ।"

ਮੈਂ ਆਲੇ ਦੁਆਲੇ ਦੇਖਿਆ, ਮੈਂ ਕਿਹਾ, "ਤੁਸੀਂ ਕੀ ਕਿਹਾ?"

461 ਉਸ ਨੇ ਬਸ ਇੰਨਾ ਹੀ ਕਿਹਾ, "ਮੈਂ ਹੁਣ ਉਸਦੀ ਸੇਵਾ ਨਹੀਂ ਕਰਦਾ," ਦੂਰ ਚਲਾ ਗਿਆ।

462 ਮੈਂ ਸੋਚਿਆ, "ਔਹ, ਉਹ ਬਸ ਚੱਲ ਰਿਹਾ ਹੈ।" ਮੈਂ ਚਲਿਆ, ਕਿਤੇ ਚਲਾ ਗਿਆ।

463 ਵਾਪਸ ਆ ਕੇ ਮੇਰੀ ਕਾਰ ਵਿਚ ਬੈਠ ਗਿਆ। ਮੈਂ ਘਰ ਆਇਆ, ਅਤੇ ਮੈਂ ਇਸ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ, "ਮੈਂ ਹੁਣ ਪ੍ਰਭੂ ਦੀ ਸੇਵਾ ਨਹੀਂ ਕਰਦਾ।"

464 ਪ੍ਰਭੂ ਨੇ ਮੇਰੇ ਦਿਲ ਵਿਚ ਇਹ ਪਾਇਆ ਕਿ ਮੈਂ ਵਾਪਸ ਜਾਵਾਂ ਅਤੇ ਉਸ ਨੂੰ ਦੁਬਾਰਾ ਪੁੱਛਾਂ। ਤਾਂ, ਮੈਂ ਕਿਹਾ, "ਮੇਡਾ, ਬਸ ਘਰ ਸੰਭਾਲੋ।"

465 ਅਤੇ ਮੈਂ ਅੰਦਰ ਗਿਆ, ਅਤੇ ਆਪਣੀ ਕਾਰ ਵਿਚ ਬੈਠ ਗਿਆ ਅਤੇ ਵਾਪਸ ਹੇਠਾਂ ਚਲਾ ਗਿਆ, ਦੁਬਾਰਾ ਰੁਕ ਗਿਆ, ਵੋਰਗਾਂਗ ਵਿਚ ਚਲਾ ਗਿਆ। ਮੈਂ ਕਿਹਾ, "ਭਾਈ ਰਾਮਸੇ, ਮੈਂ ਤੁਹਾਨੂੰ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ।"

ਉਸ ਨੇ ਕਿਹਾ, "ਠੀਕ ਹੈ, ਬਿਲੀ, ਇਹ ਕੀ ਹੈ?"

ਮੈਂ ਕਿਹਾ, "ਤੁਸੀਂ ਕੁਝ ਸਮਾਂ ਪਹਿਲਾਂ, ਕਿਹਾ ਸੀ, ਤੁਸੀਂ ਹੁਣ ਪ੍ਰਭੂ ਦੀ ਸੇਵਾ ਨਹੀਂ ਕਰਦੇ। ਤੁਸੀਂ ਮੈਨੂੰ ਛੇੜ ਰਹੇ ਸੀ, ਹੈ ਨਾ?"

ਉਸ ਨੇ ਕਿਹਾ, "ਨਹੀਂ।"

ਮੈਂ ਕਿਹਾ, "ਭਾਈ ਰਾਮਸੇ, ਤੁਹਾਡਾ—ਤੁਹਾਡਾ ਇਹ ਮਤਲਬ ਨਹੀਂ ਹੈ।"

ਉਸ ਨੇ ਕਿਹਾ, "ਹਾਂ।"

ਮੈਂ ਕਿਹਾ, "ਕੀ ਤੁਸੀਂ ਉਸਨੂੰ ਪਿਆਰ ਨਹੀਂ ਕਰਦੇ?"

ਉਸ ਨੇ ਕਿਹਾ, "ਜੇ ਮੈਂ ਉਸਨੂੰ ਪਿਆਰ ਕਰਦਾ, ਤਾਂ ਮੈਂ ਉਸਦੀ ਸੇਵਾ ਕਰਦਾ, ਕੀ ਮੈਂ ਨਹੀਂ ਕਰਦਾ, ਬਿਲੀ?" ਪਰੇ ਚਲਾ ਗਿਆ।

ਮੈਂ ਸੋਚਿਆ। "ਬੋਲ, ਭਾਈ ਰਾਮਸੇ!"

ਉਸ ਨੇ ਕਿਹਾ, “ਮੈਂ ਇਸ ਬਾਰੇ ਹੋਰ ਗੱਲ ਨਹੀਂ ਕਰਨਾ ਚਾਹੁੰਦਾ।”

466 ਮੈਂ ਘਰ ਗਿਆ, ਕਮਰੇ ਵਿੱਚ ਗਿਆ, ਦਰਵਾਜ਼ਾ ਬੰਦ ਕਰ ਦਿੱਤਾ। ਅਤੇ, ਔਹ, ਤੁਸੀਂ ਜਾਣਦੇ ਹੋ ਕਿ ਤੁਸੀਂ ਅਸਲ ਵਿੱਚ ਭਾਰੀ ਮਹਿਸੂਸ ਕਰਦੇ ਹੋ, ਜਿਵੇਂ ਤੁਸੀਂ ਕਿਸੇ ਬੱਚੇ ਤੋਂ ਬਿਸਕੁਟ ਖੋਹ ਲਏ ਹੋਣ, ਤੁਸੀਂ ਜਾਣਦੇ ਹੋ। ਮੈਂ—ਮੈਂ ਸੋਚਿਆ, “ਕੀ? ਇਹ ਨਹੀਂ ਹੋ ਸਕਦਾ। ਯਕੀਨਨ ਭਾਈ ਰਾਮਸੇ ਨੂੰ ਕੁਝ ਹੋਇਆ ਹੈ।”

467 ਅਤੇ ਇੱਥੇ ਇੱਕ ਛੋਟਾ ਜਿਹਾ ਕਾਲ ਲੜਕਾ ਹੈ, ਜਿਸਦਾ ਨਾਮ ਜਿੰਮੀ ਹੈ, ਉਹ ਇੱਥੇ ਕਲੀਸਿਯਾ ਵਿੱਚ ਆਉਂਦਾ ਹੈ। ਉਸਦੀ ਇੱਕ ਲੱਤ ਹੈ, ਤੁਸੀਂ ਜਾਣਦੇ ਹੋ; ਉਹ ਲੰਗੜਾ ਹੈ, ਇੱਕ ਕਿਸਮ ਦਾ। ਮੈਂ ਉਸਦਾ ਨਾਮ ਭੁੱਲ ਜਾਂਦਾ ਹਾਂ, ਵੋਰਗਾਂਗ ਵਿੱਚ ਕੰਮ ਕਰਦਾ ਹਾਂ, ਇੱਕ ਰੈਕਰ ਚਲਾਉਂਦਾ ਹਾਂ। ਉਹ ਮੈਨੂੰ ਮਿਲਿਆ, ਅਤੇ ਉਸਨੇ ਕਿਹਾ, “ਤੁਸੀਂ ਜਾਣਦੇ ਹੋ, ਆਦਰਨੀਯ ਬ੍ਰਨਹਾਮ,” ਉਸ ਨੇ ਕਿਹਾ, “ਮੈਨੂੰ ਇਸ ਬਾਰੇ ਇੱਥੇ ਡਾਕਟਰ ਰਾਮਸੇ ਬਾਰੇ ਨਹੀਂ ਪਤਾ।” ਉਸ ਨੇ ਕਿਹਾ, “ਮੈਂ ਉਸ ਨੂੰ ਕਿਹਾ, ਕਿਸੇ ਦਿਨ, ਕਿਹਾ, ‘ਅਸੀਂ ਸਾਰੇ ਇਧਰ ਮੂੰਹ ਖੋਲ੍ਹਣ ਤੋਂ ਵੀ ਡਰਦੇ ਸੀ।’ ਕਿਹਾ, ‘ਤੂੰ ਇੱਕ ਧਰਮੀ ਮਨੁੱਖ ਸੀ।’ ਪਰ,” ਕਿਹਾ, “ਉਹ ਆਪਣੇ ਪ੍ਰਚਾਰਕ ਦਾ ਲਾਇਸੈਂਸ ਲੈ ਕੇ ਟੋਕਰੀ ਕੋਲ ਗਿਆ ਅਤੇ ਉਨ੍ਹਾਂ ਨੂੰ ਪਾੜ ਦਿੱਤਾ, ਅਤੇ ਉਨ੍ਹਾਂ ਨੂੰ ਟੋਕਰੀ ਵਿੱਚ ਸੁੱਟ ਦਿੱਤਾ, ਕਿਹਾ, ‘ਮੈਂ ਇਸ ਨਾਲ ਹੋਰ ਕੁਝ ਨਹੀਂ ਕਰਨਾ ਚਾਹੁੰਦਾ।’”

ਉਸ ਨੇ ਕਿਹਾ, “ਹੇ, ਮਿਸਟਰ!” ਕਿਹਾ, “ਤੁਹਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ।”

ਉਸ ਨੇ ਕਿਹਾ, “ਔਹ, ਜਿਮ, ਮੈਂ ਪ੍ਰਭੂ ਦੀ ਸੇਵਾ ਕਰ ਚੁੱਕਾ ਹਾਂ।”

ਤਾਂ ਉਹ ਅੱਗੇ ਵਧਿਆ, ਕਿਹਾ, “ਤੁਹਾਡਾ ਇਹ ਮਤਲਬ ਨਹੀਂ ਹੈ।”

468 ਅਤੇ ਕਿਹਾ, “ਫਿਰ ਉਸਨੇ ਮੈਨੂੰ ਦੱਸਿਆ, ਕਿਹਾ ਕਿ ਉਹ ਮਜ਼ਦੂਰ ਦਿਵਸ ਤੇ, ਆਪਣੇ ਵਾਲਵ ਪੀਸਣ ਲਈ ਹੇਠਾਂ ਆ ਰਿਹਾ ਹੈ,” ਮੈਨੂੰ ਵਿਸ਼ਵਾਸ ਹੈ ਕਿ ਇਹ ਸੀ। “ਅਤੇ ਉਸਨੇ ਕਿਹਾ, ‘ਹੁਣ, ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੀ ਮਦਦ ਕਰੋ, ਜਿਮ।’”

469 ਉਸ ਨੇ ਕਿਹਾ, “ਮੈਂ ਚਰਚ ਤੋਂ ਆਉਣ ਤੋਂ ਬਾਅਦ ਤੁਹਾਡੀ ਮਦਦ ਕਰਾਂਗਾ, ਪਰ ਪਹਿਲਾਂ ਮੈਂ ਚਰਚ ਜਾ ਰਿਹਾ ਹਾਂ।”

470 ਕਿਹਾ ਉਹ ਵਾਪਸ ਹੇਠਾਂ ਚਲਾ ਗਿਆ, “ਅਤੇ ਮਿਸਟਰ ਰਾਮਸੇ ਆਪਣੀ ਕਾਰ ਤੇ ਵਾਲਵ ਪੀਸ ਰਹੇ ਸਨ। ਉਸ ਨੇ ਕਿਹਾ, ‘ਜਿਮੀ, ਨਦੀ ਵੱਲ ਨੂੰ ਜਾਓ।

ਇੱਥੇ ਸੈਲੂਨ ਬੰਦ ਹਨ। ਨਦੀ ਵੱਲ ਨੂੰ ਜਾਓ ਅਤੇ ਮੈਨੂੰ ਬੀਅਰ ਦਾ ਇੱਕ ਡੱਬਾ ਲਿਆ ਦਿਓ।'"

471 ਉਸ ਨੇ ਕਿਹਾ, "ਮਿਸਟਰ ਰਾਮਸੇ, ਮੈਂ ਬਹੁਤ ਸਾਰੀਆਂ ਚੀਜ਼ਾਂ ਲਈ ਦੋਸ਼ੀ ਹਾਂ, ਪਰ ਮੈਂ ਕਦੇ ਵੀ ਪ੍ਰਭੂ ਦੇ ਸੇਵਕ ਨੂੰ ਬੀਅਰ ਦਾ ਡੱਬਾ ਲਿਆ ਕੇ ਦੇਣ ਲਈ ਦੋਸ਼ੀ ਨਹੀਂ ਹੋਵਾਂਗਾ।" ਉਸ ਨੇ ਕਿਹਾ, "ਨਹੀਂ, ਸ਼੍ਰੀ ਮਾਨ। ਮੈਂ ਅਜਿਹਾ ਕਦੇ ਨਹੀਂ ਕਰਾਂਗਾ।"

472 ਅਤੇ ਉਸਨੇ ਕਿਹਾ, "ਅੱਛਾ, ਜਾ ਵੀ। ਇਸ ਨੂੰ ਲੈ ਕੇ ਆਓ, ਜਿਮ।"

473 ਉਸ ਨੇ ਕਿਹਾ, "ਮਿਸਟਰ ਰਾਮਸੇ, ਮੈਂ ਤੁਹਾਡੇ ਵਾਲਵ ਪੀਸ ਦਿਆਂਗਾ। ਪਰ ਜੇ ਤੁਹਾਨੂੰ ਕੋਈ ਬੀਅਰ ਚਾਹੀਦੀ ਹੈ, ਤਾਂ ਤੁਸੀਂ ਖੁਦ ਹੀ ਲੈ ਆਓ।" ਉਸ ਨੇ ਕਿਹਾ, "ਮੈਨੂੰ ਕਦੇ ਵੀ ਪ੍ਰਭੂ ਦੇ ਸੇਵਕ ਨੂੰ ਅਜਿਹਾ ਕੁਝ ਲਿਆ ਕੇ ਨਹੀਂ ਦਿਆਂਗਾ।"

474 ਇਸ ਲਈ ਰਾਮਸੇ ਨੇ ਜਿੰਮੀ ਦੀ ਕਾਰ ਵਿੱਚ ਛਾਲ ਮਾਰੀ, ਨਦੀ ਵਾਲੇ ਪਾਸੇ ਗਿਆ; ਵਾਪਸ ਆਇਆ, ਅੱਧਾ ਰੱਜਿਆ ਹੋਇਆ, ਬੀਅਰ ਦੇ ਡੱਬੇ ਨਾਲ, ਇਸ ਨੂੰ ਪੀਂਦਾ ਹੋਇਆ।

475 ਉਹ ਹੇਠਾਂ ਜਾਣ ਲੱਗਾ, ਅਤੇ ਬਿਮਾਰ ਪੈ ਗਿਆ। ਸਮਝੇ? ਪਰਮੇਸ਼ੁਰ ਉਸ ਨਾਲ ਗੱਲ ਨਹੀਂ ਕਰ ਸਕਦਾ ਸੀ। ਮੈਂ ਉਸਨੂੰ ਚੇਤਾਵਨੀ ਦਿੱਤੀ, ਮੈਂ ਉਹ ਸਭ ਕੁਝ ਕੀਤਾ ਜੋ ਮੈਂ ਕਰ ਸਕਦਾ ਸੀ। ਭਾਈ ਸਮਿਥ ਉਸ ਕੋਲ ਗਿਆ ਅਤੇ ਉਸ ਨੂੰ ਚੇਤਾਵਨੀ ਦਿੱਤੀ। ਹਰ ਕਿਸੇ ਨੇ ਉਸ ਲਈ ਸਭ ਕੁਝ ਕਰਨ ਦੀ ਕੋਸ਼ਿਸ਼ ਕੀਤੀ ਜੋ ਉਹ ਕਰ ਸਕਦੇ ਸਨ। ਫਿਰ ਵੀ, ਉਸਨੇ ਸਿਰਫ ਆਪਣਾ ਸਿਰ ਹਿਲਾ ਦਿੱਤਾ। ਕੀ ਹੋਇਆ? ਉਹ ਬਿਮਾਰ ਪੈ ਗਿਆ ਅਤੇ ਮਰ ਗਿਆ। ਇਹ ਦਰਸਾਉਂਦਾ ਹੈ ਕਿ ਉਹ ਇੱਕ ਬਚਿਆ ਹੋਇਆ ਆਦਮੀ ਸੀ। ਜੇ ਪਰਮੇਸ਼ੁਰ ਉਸ ਨੂੰ ਨਾ ਬਣਾ ਸਕਿਆ…ਉਸਨੂੰ ਆਗਿਆਕਾਰੀ ਵਿੱਚ ਨਾ ਲਿਆ ਸਕਿਆ, ਪਰਮੇਸ਼ੁਰ ਨੂੰ ਉਸਨੂੰ ਧਰਤੀ ਤੋਂ ਬਾਹਰ ਲੈ ਜਾਣਾ ਪਿਆ ਅਤੇ ਘਰ ਲੈ ਗਿਆ। ਇਹ ਬਿਲਕੁਲ ਉਹੀ ਹੈ ਜੋ ਬਾਈਬਲ ਨੇ ਕਿਹਾ ਹੈ। ਇਹ ਉਹ ਹੈ ਜੋ ਬਾਈਬਲ ਵਾਅਦਾ ਕਰਦੀ ਹੈ। ਜੇਕਰ ਤੁਸੀਂ ਸੁਧਾਰ ਨਹੀਂ ਕਰਦੇ, ਤਾਂ ਤੁਹਾਨੂੰ ਘਰ ਜਾਣਾ ਪਵੇਗਾ।

476 ਇਸ ਲਈ ਪਰਮੇਸ਼ੁਰ ਤੁਹਾਨੂੰ ਬਚਾਉਣ ਤੋਂ ਬਾਅਦ ਤੁਹਾਨੂੰ ਨਹੀਂ ਗੁਆ ਸਕਦਾ, ਪਰ ਉਹ ਇੱਥੇ ਤੁਹਾਡੇ ਦਿਨ ਘਟਾ ਸਕਦਾ ਹੈ, ਅਤੇ ਤੁਹਾਡੇ ਤੋਂ ਕੀਤੇ ਹਰ ਪਾਪ ਲਈ ਭੁਗਤਾਨ ਕਰਵਾ ਸਕਦਾ ਹੈ। ਇਸ ਲਈ, ਜੇਕਰ ਤੁਸੀਂ ਪਾਪ ਕਰਦੇ ਹੋ, ਤਾਂ ਤੁਹਾਨੂੰ ਆਪਣੇ ਕੀਤੇ ਦਾ ਭੁਗਤਾਨ ਕਰਨਾ ਪਵੇਗਾ। ਬਸ ਇਹ ਯਾਦ ਰੱਖਣਾ।

477 ਹੁਣ, ਹੁਣ ਪ੍ਰਭੂ ਤੁਹਾਡੇ ਨਾਲ ਹੋਵੇ। ਮੈਨੂੰ ਵਿਸ਼ਵਾਸ ਹੈ, ਅੱਜ ਰਾਤ, ਕਿ ਭਾਈ ਰਾਮਸੇ ਨੂੰ ਬਚਾਇਆ ਗਿਆ ਸੀ। ਬਿਲਕੁਲ, ਮੈਂ ਵਿਸ਼ਵਾਸ ਕਰਦਾ ਹਾਂ। ਪਰ ਉਹ ਬੱਸ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰ ਸਕਿਆ, ਅਤੇ ਜਦੋਂ ਉਹ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰ ਸਕਿਆ, ਤਾਂ ਪਰਮੇਸ਼ੁਰ ਨੂੰ ਉਸ ਨੂੰ ਘਰ ਲਿਆਉਣਾ ਪਿਆ। ਕਰਣ ਲਈ ਸਿਰਫ ਇਹੋ ਰਹਿ ਗਿਆ ਸੀ, ਕਿਉਂਕਿ, ਇਹ ਕੀ ਸੀ? "ਉਹ ਉਸ ਲਹੂ ਲਈ ਬਦਨਾਮੀ ਅਤੇ ਬੇਇੱਜ਼ਤੀ ਲਿਆਏਗਾ ਜਿਸ ਨਾਲ ਉਸ ਨੂੰ ਪਵਿੱਤਰ ਕੀਤਾ ਗਿਆ ਸੀ।" ਇਹ ਸਹੀ ਹੈ? "ਅਤੇ ਨੇਮ ਨੂੰ ਇੱਕ ਅਪਵਿੱਤਰ ਚੀਜ਼ ਜਾਣਦਾ," ਕੀ ਇਹ ਬਿਲਕੁਲ ਉਹੀ ਨਹੀਂ ਹੈ ਜੋ ਇਸ ਇਬਰਾਨੀ ਪੱਤਰ ਨੇ ਕਿਹਾ ਹੈ। ਸਮਝੇ? ਉਸ ਲਈ ਨਾਸ਼ ਹੋ ਜਾਣਾ ਅਸੰਭਵ ਹੋਵੇਗਾ, ਪਰ ਉਹ ਸ਼ਰਮ ਅਤੇ ਬੇਇੱਜ਼ਤੀ ਲਿਆਏਗਾ, ਇਸ ਲਈ ਪਰਮੇਸ਼ੁਰ ਨੇ ਉਸਨੂੰ ਧਰਤੀ ਤੋਂ ਚੁੱਕ ਕੇ ਘਰ ਲਿਆਉਣਾ ਹੋਵੇਗਾ। ਇਹ ਬਿਲਕੁਲ ਉਹੀ ਹੈ ਜੋ ਵਾਪਰਿਆ ਸੀ।

ਹੁਣ ਪ੍ਰਭੂ ਅਸੀਸ ਦੇਵੇ, ਜਦੋਂ ਅਸੀਂ ਪ੍ਰਾਰਥਨਾ ਲਈ ਇੱਕ ਪਲ ਲਈ ਆਪਣੇ ਸਿਰ ਝੁਕਾਉਂਦੇ ਹਾਂ।

478 ਹੁਣ, ਸਭ ਤੋਂ ਪਵਿੱਤਰ ਅਤੇ ਕਿਰਪਾਲੂ ਪਿਤਾ, ਅਸੀਂ ਸੱਚਮੁੱਚ ਤੁਹਾਡੇ ਉਸ ਵਾਅਦੇ ਲਈ ਸ਼ੁਕਰਗੁਜ਼ਾਰ ਹਾਂ ਜੋ ਸਾਡੇ ਕੋਲ ਹੈ, ਕਿ ਤੁਸੀਂ ਸਾਨੂੰ ਕਦੇ ਨਹੀਂ ਛੱਡੋਗੇ ਜਾਂ ਸਾਨੂੰ ਤਿਆਗੋਗੇ ਨਹੀਂ। ਤੁਸੀਂ ਵਾਅਦਾ ਕੀਤਾ ਹੈ ਕਿ ਤੁਸੀਂ ਜੀਵਨ ਭਰ ਸਾਡੇ ਨਾਲ ਜਾਓਗੇ, ਅਤੇ ਮੌਤ ਵਿੱਚ ਤੁਸੀਂ ਸਾਡੇ ਨੇੜੇ ਹੋਵੋਗੇ। ਤੁਸੀਂ ਸਾਡੇ ਨਾਲ ਵਾਅਦਾ ਕੀਤਾ ਸੀ ਕਿ ਸਾਡੇ ਕੋਲ ਸਦੀਪਕ ਜੀਵਨ ਹੈ। ਤੁਸੀਂ ਇਹ ਸਾਨੂੰ ਮੁਫ਼ਤ ਵਿੱਚ ਦਿੱਤਾ ਹੈ। ਅਸੀਂ ਇਸਨੂੰ ਕਦੇ ਨਹੀਂ ਗੁਆ ਸਕਦੇ। "ਉਹ ਸਭ ਜੋ ਮੇਰੇ ਕੋਲ ਆਉਂਦੇ ਹਨ, ਉਨ੍ਹਾਂ ਕੋਲ ਸਦੀਪਕ ਜੀਵਨ ਹੈ।" ਅਤੇ ਜੇਕਰ ਇਹ ਸਦੀਪਕ ਜੀਵਨ ਹੈ, ਤਾਂ ਇਸਦਾ ਕੋਈ ਅੰਤ ਨਹੀਂ ਹੈ, ਅਤੇ ਤੁਸੀਂ ਸਾਨੂੰ ਆਖਰੀ ਦਿਨ ਵਿੱਚ ਉਠਾਉਣ ਦਾ ਵਾਅਦਾ ਕੀਤਾ ਹੈ। ਇਸ ਲਈ ਅਸੀਂ ਬਹੁਤ ਧੰਨਵਾਦੀ ਹਾਂ। ਅਸੀਂ ਸ਼ੁਕਰਗੁਜ਼ਾਰ ਹਾਂ ਕਿ ਤੁਹਾਡਾ ਬਚਨ ਸਾਨੂੰ ਇਹ ਸਿਖਾਉਂਦਾ ਹੈ। ਇਹ ਸਾਨੂੰ ਪੱਕੀ ਉਮੀਦ ਦਿੰਦਾ ਹੈ। ਇਹ ਸਾਨੂੰ ਦੱਸਦਾ ਹੈ ਕਿ ਸਾਡਾ ਪਿਤਾ ਪਿਆਰ ਹੈ। ਉਹ ਸਾਨੂੰ ਪਿਆਰ ਕਰਦਾ ਹੈ, ਅਤੇ ਉਸਨੇ ਸਾਨੂੰ ਚੁਣਿਆ ਹੈ। ਤੁਸੀਂ ਕਿਹਾ, "ਤੁਸੀਂ ਮੈਨੂੰ ਨਹੀਂ ਚੁਣਿਆ, ਪਰ ਮੈਂ ਤੁਹਾਨੂੰ ਚੁਣਿਆ ਹੈ ਅਤੇ ਤੁਹਾਨੂੰ ਠਹਿਰਾਇਆ ਹੈ।" ਅਤੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਪਿਤਾ, ਤੁਸੀਂ ਅਜਿਹਾ ਕੀਤਾ ਹੈ। ਅਤੇ ਬਹੁਤ ਸਾਰੇ ਅੱਜ ਰਾਤ ਇੱਥੇ ਬੈਠੇ ਹੋਏ ਹਨ, ਅਤੇ ਜਿਨ੍ਹਾਂ ਨੂੰ ਸਦੀਪਕ ਜੀਵਨ ਲਈ ਠਹਿਰਾਇਆ ਗਿਆ ਹੈ, ਅਤੇ ਯਿਸੂ ਮਸੀਹ ਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕੀਤਾ ਹੈ। ਅਤੇ ਆਤਮਾ ਦੇ ਫਲ ਉਹਨਾਂ ਦੇ ਜੀਵਨ ਵਿੱਚ ਹਨ: ਨਰਮਾਈ,

ਹਲੀਮੀ, ਨਿਮਰਤਾਂ, ਪ੍ਰੇਮ, ਆਨੰਦ, ਸ਼ਾਂਤੀ, ਧੀਰਜ, ਭਲਿਆਈ। ਅਸੀਂ ਉਹਨਾਂ ਲਈ ਧੰਨਵਾਦੀ ਹਾਂ।

479 ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ, ਪਿਤਾ, ਕਿ ਜੇ ਅੱਜ ਰਾਤ ਇੱਥੇ ਕੁਝ ਹਨ, ਜਿਨ੍ਹਾਂ ਕੋਲ ਉਹ ਫਲ ਉਨ੍ਹਾਂ ਦੇ ਨਾਲ ਨਹੀਂ ਹਨ, ਪਰ ਉਹ ਕਿਸੇ ਸ਼ਾਨਦਾਰ ਤੇ ਆਰਾਮ ਕਰ ਰਹੇ ਹਨ, ਕਿਉਂਕਿ ਉਹ ਕੰਮ ਕਰ ਗਏ ਸਨ, ਇੱਕ ਦਿਨ, ਕਿਉਂਕਿ ਉਹ ਭਾਵਨਾਤਮਕ ਹੋ ਗਏ ਸਨ, ਉਹਨਾਂ ਨੂੰ ਚੰਗਾ ਲੱਗਾ, ਉਹਨਾਂ ਨੇ ਸ਼ਾਇਦ ਰੌਲਾ ਪਾਇਆ, ਉਹਨਾਂ ਨੇ ਕਈ ਕੰਮ ਕੀਤੇ ਹੋਣਗੇ। ਪਰ, ਪਿਤਾ, ਜੇ ਉਹਨਾਂ ਨੂੰ ਆਤਮਾ ਦਾ ਫਲ ਨਹੀਂ ਮਿਲਿਆ, ਜੋ ਉਹਨਾਂ ਨੂੰ ਦਿਨ ਪ੍ਰਤੀ ਦਿਨ ਨਿਰੰਤਰ ਪ੍ਰੇਮ ਵਿੱਚ ਰੱਖਦਾ ਹੈ, ਆਪਣੇ ਦੁਸ਼ਮਣਾਂ ਨੂੰ ਮਾਫ਼ ਕਰਨਾ, ਉਨ੍ਹਾਂ ਦੀਆਂ ਗਲਤੀਆਂ ਨੂੰ ਠੀਕ ਕਰਨਾ, ਅਤੇ ਸ਼ਾਂਤੀਪੂਰਨ ਅਤੇ ਪਿਆਰ ਨਾਲ ਰਹਿਣਾ, ਅਤੇ ਇੱਕ ਦੂਜੇ ਨਾਲ ਮਿੱਠਾ ਅਤੇ ਦਿਆਲੂ, ਅਤੇ ਕਲੀਸਿਯਾ ਲਈ ਜੋਸ਼, ਮਸੀਹ ਅਤੇ ਉਸਦੇ ਬੱਚਿਆਂ ਲਈ ਪਿਆਰ, ਹੇ ਅਨੰਤ ਪਰਮੇਸ਼ੁਰ, ਉਹਨਾਂ ਨੂੰ ਮਾਫ਼ ਕਰੋ। ਭਾਵੇਂ ਉਹ ਕਲੀਸਿਯਾ ਦੇ ਮੈਂਬਰ ਹਨ, ਧਰਤੀ ਦੀ ਦੇਹ ਦੇ ਅੰਗ ਹਨ, ਕਾਸ਼ ਹੋ ਹੁਣ ਜਾਣ ਅਤੇ ਉਨ੍ਹਾਂ ਸਰੀਰਕ, ਮਰੇ ਹੋਏ ਕੰਮਾਂ ਨੂੰ ਪਾਸੇ ਰੱਖ ਦੇਣ, ਅਤੇ ਸੰਪੂਰਨਤਾ ਵੱਲ ਜੋਰ ਮਾਰ ਸਕਣ। ਬਖਸ਼ੋ, ਪ੍ਰਭੂ। ਉਹ ਸੰਪੂਰਨ ਮਨੁੱਖ ਕੋਲ ਆਉਣ ਅਤੇ ਉਸ ਨੂੰ ਆਪਣੇ ਪਾਪਾਂ ਦੇ ਪ੍ਰਾਸਚਿਤ ਵਜੋਂ ਸਵੀਕਾਰ ਕਰਨ, ਤਾਂ ਜੋ ਉਹ ਇੱਕ ਦੋਸ਼ੀ ਆਦਮੀ ਅਤੇ ਇੱਕ ਦੋਸ਼ੀ ਔਰਤ ਲਈ ਇੱਕ ਸੰਪੂਰਨ ਬਲੀਦਾਨ ਦੇ ਰੂਪ ਵਿੱਚ ਖੜ੍ਹਾ ਹੋ ਸਕੇ। ਅਤੇ ਉਨ੍ਹਾਂ ਨੂੰ ਪਿਆਰ ਅਤੇ ਸ਼ਾਂਤੀ ਦੀ ਕਿਰਪਾ ਨਾਲ ਪ੍ਰਦਾਨ ਕਰੋ, ਜਦ ਤੱਕ ਉਹ ਸਦਾ ਲਈ ਜੀਉਣ ਲਈ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਨਹੀਂ ਆਉਂਦੇ। ਇਹ ਬਖਸ ਦਿਓ, ਪਿਤਾ।

ਜਦ ਸਾਡੇ ਸਿਰ ਝੁਕੇ ਹੋਏ ਹਨ:

480 ਜੇ ਕੋਈ ਅਜਿਹਾ ਹੈ ਜੋ ਸਰੀਰਕ ਜੀਵਨ ਨੂੰ ਬਦਲਣਾ ਚਾਹੁੰਦਾ ਹੈ, ਬਪਤਿਸਮੇ ਦੇ, ਸੰਵੇਦਨਾਵਾਂ ਦੇ, ਇਸ ਤਰ੍ਹਾਂ ਦੀਆਂ ਛੋਟੀਆਂ ਸਰੀਰਕ ਚੀਜ਼ਾਂ ਦੀਆਂ, ਅਸਲ ਪਿਆਰ ਨਾਲ ਭਰੇ ਇੱਕ ਸੱਚੇ ਦਿਲ ਲਈ, ਕਿ—ਕਿ ਤੁਸੀਂ ਆਪਣੇ ਸਭ ਤੋਂ ਕੱਟੜ ਦੁਸ਼ਮਣ ਕੋਲ ਜਾ ਸਕਦੇ ਹੋ, ਉਸ ਦੇ ਦੁਆਲੇ ਆਪਣੀਆਂ ਬਾਹਾਂ ਪਾ ਸਕਦੇ ਹੋ ਅਤੇ ਕਹਿ ਸਕਦੇ ਹੋ, "ਭਾਈ, ਮੈਂ ਤੁਹਾਡੇ ਲਈ ਪ੍ਰਾਰਥਨਾ ਕਰਾਂਗਾ। ਮੈਂ ਤੁਹਾਨੂੰ ਪਿਆਰ ਕਰਦਾ ਹਾਂ।" ਜੇ ਤੁਸੀਂ ਸਰੀਰਕ ਚੀਜ਼ਾਂ ਦੇ ਉਸ ਅਨੁਭਵ ਨੂੰ ਪਿਆਰ ਦੇ ਅਸਲ ਅਨੁਭਵ ਲਈ ਬਦਲਣਾ ਚਾਹੁੰਦੇ ਹੋ, ਤਾਂ ਕੀ ਤੁਸੀਂ ਪਰਮੇਸ਼ੁਰ ਅੱਗੇ ਆਪਣਾ ਹੱਥ ਵਧਾਓਗੇ, ਅਤੇ ਕਹੋਗੇ, "ਪਰਮੇਸ਼ੁਰ, ਮੈਨੂੰ ਅੱਜ ਰਾਤ ਲੈ ਜਾਓ, ਅਤੇ ਮੈਨੂੰ ਉਹ ਬਣਾਓ ਜੋ ਮੈਨੂੰ ਹੋਣਾ ਚਾਹੀਦਾ ਹੈ"?

ਮੈਂ ਤੁਹਾਡੇ ਲਈ ਪ੍ਰਾਰਥਨਾ ਕਰਾਂਗਾ, ਇੱਥੇ ਹੀ ਮੰਚ ਤੋਂ। ਕੀ ਤੁਸੀਂ ਪ੍ਰਾਰਥਨਾ ਕਰਨੀ ਚਾਹੋਗੇ? ਆਪਣੇ ਹੱਥ ਉਠਾਓ।

481 ਪਰਮੇਸ਼ੁਰ ਤੁਹਾਨੂੰ ਉੱਥੇ ਪਿਛਾਂਹ ਆਸ਼ੀਸ਼ ਦੇਵੇ, ਸ਼੍ਰੀ ਮਾਨ। ਪਰਮੇਸ਼ੁਰ ਆਸ਼ੀਸ਼ ਦੇਵੇ, ਭਾਈ। ਕੋਈ ਹੋਰ? ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀ ਮਾਨ। "ਮੈਂ ਸਾਲਾਂ ਤੋਂ ਕਲੀਸਿਯਾ ਵਿੱਚ ਰਿਹਾ ਹਾਂ।" ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀ ਮਾਨ। ਪਰਮੇਸ਼ੁਰ ਤੁਹਾਨੂੰ ਇੱਥੇ ਖੁਸ਼ ਰੱਖੇ, ਭਾਈ। ਪਰਮੇਸ਼ੁਰ ਤੁਹਾਨੂੰ ਉੱਥੇ ਪਿਛਾਂਹ ਆਸ਼ੀਸ਼ ਦੇਵੇ, ਛੋਟੀ ਔਰਤ। "ਮੈਂ ਪਰਮੇਸ਼ੁਰ ਤੋਂ ਆਪਣੇ ਲਈ ਸ਼ਾਂਤੀ ਮੰਗਾਂਗਾ।" ਕੀ ਤੁਸੀਂ...ਕੀ ਤੁਸੀਂ ਅਸਲੀ ਗੁੱਸੇ ਹੋ? ਕੀ ਤੁਸੀਂ ਗੜਬੜ ਵਿੱਚ ਹੋ? ਕੀ ਤੁਹਾਨੂੰ ਸ਼ੱਕ ਹੈ? ਕੀ ਤੁਸੀਂ ਇੱਧਰ ਓਧਰ ਡੋਲ ਰਹੇ ਹੋ? ਕੀ ਤੁਸੀਂ ਹੈਰਾਨ ਹੋ ਕਿ ਇਹ ਸੱਚਮੁੱਚ ਸਹੀ ਹੈ ਜਾਂ ਨਹੀਂ? ਜਦੋਂ ਤੁਸੀਂ ਮਸੀਹ ਕੋਲ ਆਉਂਦੇ ਹੋ, ਕੀ ਤੁਸੀਂ ਪੂਰੇ ਭਰੋਸੇ ਨਾਲ, ਪਿਆਰ ਨਾਲ ਭਰੇ ਦਿਲ ਨਾਲ ਆਉਂਦੇ ਹੋ? ਕੀ ਤੁਸੀਂ ਬਿਨਾਂ ਕਿਸੇ ਡਰ ਦੇ ਇਹ ਕਹਿ ਕੇ ਉਸ ਕੋਲ ਜਾਂਦੇ ਹੋ, ਕਹਿੰਦੇ ਹੋ, "ਮੈਂ ਜਾਣਦਾ ਹਾਂ ਕਿ ਉਹ ਮੇਰਾ ਪਿਤਾ ਹੈ"?

482 ਅਤੇ ਇੱਥੇ ਕੋਈ ਸਜਾ ਨਹੀਂ ਹੈ, ਤੁਸੀਂ ਮੌਤ ਤੋਂ ਪਾਰ ਜੀਵਨ ਵਿੱਚ ਚਲੇ ਗਏ ਹੋ। ਤੁਹਾਨੂੰ ਪਤਾ ਹੈ। ਅਤੇ ਤੁਸੀਂ ਆਪਣੀ ਜ਼ਿੰਦਗੀ ਵੱਲ ਧਿਆਨ ਦਿੰਦੇ ਹੋ: ਤੁਸੀਂ ਪਿਆਰ ਕਰਦੇ ਹੋ, ਤੁਸੀਂ ਮਾਫ਼ ਕਰ ਰਹੇ ਹੋ, ਤੁਸੀਂ ਕੋਮਲ ਹੋ, ਤੁਸੀਂ ਸ਼ਾਂਤ ਹੋ, ਤੁਸੀਂ ਨਿਮਰ ਹੋ। ਆਤਮਾ ਦੇ ਇਹ ਸਾਰੇ ਫਲ ਤੁਹਾਡੇ ਜੀਵਨ ਦੇ ਨਾਲ, ਦਿਨ-ਬ-ਦਿਨ ਆਉਂਦੇ ਹਨ। ਅਤੇ ਜਿਵੇਂ ਹੀ ਤੁਸੀਂ ਕੁਝ ਗਲਤ ਕਰਦੇ ਹੋ, ਔਹ, ਮੇਰੇ, ਜਿਵੇਂ ਹੀ ਇਹ ਤੁਹਾਡੇ ਮਨ ਵਿੱਚ ਆਉਂਦਾ ਹੈ ਕਿ ਤੁਸੀਂ ਗਲਤ ਕੀਤਾ ਹੈ, ਜਲਦੀ ਹੀ ਤੁਸੀਂ ਇਸ ਨੂੰ ਸਹੀ ਕਰ ਲੈਂਦੇ ਹੋ, ਉਸੇ ਵੇਲੇ। ਇੱਕ ਹੋਰ ਮਿੰਟ ਇੰਤਜ਼ਾਰ ਨਾ ਕਰੋ, ਉਸੇ ਵੇਲੇ ਜਾਓ ਅਤੇ ਇਸਨੂੰ ਸਹੀ ਕਰੋ। ਜੇ ਤੁਸੀਂ ਨਹੀਂ ਕਰਦੇ, ਠੀਕ ਹੈ, ਤੁਹਾਡੇ ਕੋਲ ਮਸੀਹ ਦੀ ਆਤਮਾ ਨਹੀਂ ਹੈ। ਤੁਸੀਂ ਇੱਕ ਚੰਗੀ ਔਰਤ ਹੋ ਸਕਦੇ ਹੋ, ਤੁਸੀਂ ਇੱਕ ਚੰਗੇ ਆਦਮੀ ਹੋ ਸਕਦੇ ਹੋ, ਤੁਹਾਡੇ ਬਾਰੇ ਕਲੀਸਿਯਾ ਵਿੱਚ ਚੰਗਾ ਸੋਚਿਆ ਜਾ ਸਕਦਾ ਹੈ, ਗੁਆਂਢ ਵਿੱਚ ਤੁਹਾਡੇ ਬਾਰੇ ਚੰਗਾ ਸੋਚਿਆ ਜਾ ਸਕਦਾ ਹੈ, ਪਰ ਕੀ ਤੁਸੀਂ ਉਸ ਸੰਪੂਰਨਤਾ ਵੱਲ ਗਏ ਹੋ, ਉਸ ਥਾਂ ਤੇ ਜਿੱਥੇ ਤੁਸੀਂ ਮਸੀਹ ਵਿੱਚ ਪੂਰਾ ਭਰੋਸਾ ਕਰ ਰਹੇ ਹੋ? ਅਤੇ ਇਸ ਦੁਆਰਾ, ਤੁਹਾਨੂੰ ਮੋਹਰ ਦਿੱਤੀ। "ਅਬਰਾਹਾਮ ਨੇ ਪਰਮੇਸ਼ੁਰ ਵਿੱਚ ਨਿਹਚਾ ਕੀਤੀ, ਅਤੇ ਇਹ ਉਸ ਲਈ ਧਰਮ ਗਿਣੀ ਗਈ। ਤਦ ਪਰਮੇਸ਼ੁਰ ਨੇ ਉਸ ਨੂੰ ਸੁੰਨਤ ਦੀ ਮੋਹਰ ਦਿੱਤੀ, ਇੱਕ ਪੁਸ਼ਟੀ ਦੇ ਤੌਰ ਤੇ।"

483 ਹੁਣ ਤੁਸੀਂ ਕਹਿੰਦੇ ਹੋ, "ਮੈਂ ਪਰਮੇਸ਼ੁਰ ਨੂੰ ਮੰਨਦਾ ਹਾਂ। ਮੈਂ ਇਕਰਾਰ ਕੀਤਾ ਹੈ।" ਪਰ ਕੀ ਪਰਮੇਸ਼ੁਰ ਨੇ ਤੁਹਾਨੂੰ ਪਵਿੱਤਰ ਆਤਮਾ ਦੀ ਮੋਹਰ ਦਿੱਤੀ ਹੈ,

ਤੁਹਾਡੇ ਜੀਵਨ ਉੱਤੇ, ਪਿਆਰ, ਅਨੰਦ, ਆਤਮਾ ਦੇ ਫਲ, ਇਹ ਸਾਬਤ ਕਰਨ ਲਈ ਕਿ ਤੁਹਾਨੂੰ ਬਚਾਇਆ ਗਿਆ ਹੈ? ਜੇ ਉਸਨੇ ਅਜਿਹਾ ਨਹੀਂ ਕੀਤਾ ਹੈ, ਤਾਂ ਉਸਨੇ ਅਜੇ ਤੱਕ ਤੁਹਾਡੇ ਵਿਸ਼ਵਾਸ ਨੂੰ ਨਹੀਂ ਪਛਾਣਿਆ ਹੈ। ਤੁਸੀਂ ਕੇਵਲ ਇਕਰਾਰ ਕੀਤਾ ਹੈ। ਉਸਨੇ ਇਸਨੂੰ ਸਵੀਕਾਰ ਨਹੀਂ ਕੀਤਾ, ਕੁਝ ਗਲਤ ਹੈ। ਤਾਂ ਫਿਰ, ਕੀ ਤੁਸੀਂ ਉਸਨੂੰ ਸਵੀਕਾਰ ਕਰਨਾ ਚਾਹੋਗੇ? ਆਪਣਾ ਹੱਥ ਉਠਾਓ, ਜੇ ਕੋਈ ਹੋਰ ਹੈ, ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਰਥਨਾ ਕਰੀਏ।

484 ਪਰਮੇਸ਼ੁਰ ਆਸ਼ੀਸ਼ ਦਵੇ, ਜਵਾਨ ਔਰਤ। ਪਰਮੇਸ਼ੁਰ ਤੁਹਾਨੂੰ ਉੱਥੇ ਪਿਛਾਂਹ ਵੀ, ਆਸ਼ੀਸ਼ ਦਵੇ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦਵੇ। ਠੀਕ ਹੈ। ਕੋਈ ਹੋਰ, ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਰਥਨਾ ਕਰੀਏ? ਠੀਕ ਹੈ। ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਉੱਥੇ ਪਿਛਾਂਹ, ਭੈਣ। ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਭਾਈ। ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਭਾਈ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਮੇਰੇ ਭਾਈ। ਇਹ ਠੀਕ ਹੈ। ਕੋਈ ਦਸ, ਪੰਦਰਾਂ ਹੱਥ ਉੱਪਰ ਗਏ ਹਨ।

ਹੁਣ ਆਓ ਪ੍ਰਾਰਥਨਾ ਕਰੀਏ।

485 ਧੰਨ ਪ੍ਰਭੂ, ਉਨ੍ਹਾਂ ਦੀ ਸੀਟ ਤੇ, ਉਹ ਇੱਕ ਜਗਵੇਦੀ ਲੱਭ ਰਹੇ ਹਨ। ਇਹ ਉਨ੍ਹਾਂ ਦੀ ਸੀਟ ਤੇ ਹੈ, ਜਿੱਥੇ ਉਹ ਹੁਣ ਬੈਠੇ ਹਨ, ਕਿ ਤੁਸੀਂ ਉਨ੍ਹਾਂ ਦੇ ਦਿਲਾਂ ਨਾਲ ਗੱਲ ਕੀਤੀ ਹੈ, ਕਿ ਉਹ "ਗਲਤ" ਹਨ। ਇਹ ਉਹਨਾਂ ਦੀਆਂ ਸੀਟਾਂ ਤੇ ਹੈ ਕਿ ਤੁਸੀਂ ਉਹਨਾਂ ਦੇ ਦਿਲ ਵਿੱਚ ਇੱਕ ਇੱਛਾ ਰੱਖੀ ਹੈ, ਕਿ ਉਹ "ਯਿਸੂ ਵਾਂਗ ਬਣਨ ਦੀ ਇੱਛਾ ਰੱਖਦੇ ਹਨ।"

486 ਉਹ ਆਪਣੀ ਜ਼ਿੰਦਗੀ ਬਦਲਣਾ ਚਾਹੁੰਦੇ ਹਨ। ਉਹ ਨਿਮਰ ਅਤੇ ਹਲੀਮ ਬਣਨਾ ਚਾਹੁੰਦੇ ਹਨ। ਉਹ ਕੋਮਲ ਅਤੇ ਧੀਰਜ ਨਾਲ ਭਰਪੂਰ ਹੋਣਾ ਚਾਹੁੰਦੇ ਹਨ। ਉਹ ਧੀਰਜ ਰੱਖਣ ਵਾਲੇ, ਸਹਿਣਸ਼ੀਲ ਹੋਣਾ ਚਾਹੁੰਦੇ ਹਨ। ਉਹ ਇੰਨੇ ਮਸੀਹ-ਵਰਗੇ, ਇਨੇ ਮਸੀਹ-ਵਰਗੇ ਬਣਨਾ ਚਾਹੁੰਦੇ ਹਨ, ਏਥੋਂ ਤੱਕ ਸੰਸਾਰ ਕਹੇਗਾ, ਜਦ ਉਹ ਗਲੀ ਵਿੱਚ ਜਾਣਗੇ, "ਉਹ ਆਦਮੀ ਸੱਚਮੁੱਚ ਇੱਕ ਮਸੀਹੀ ਹੈ। ਉਹ ਔਰਤ ਸੱਚਮੁੱਚ ਮਸੀਹੀ ਹੈ। ਔਹ, ਉਹ ਸਭ ਤੋਂ ਕੋਮਲ, ਨਿਮਰ, ਸਭ ਤੋਂ ਮਿੱਠੇ ਲੋਕ ਹਨ!"

487 ਇਹ ਬਖਸ ਦਿਓ, ਪ੍ਰਭੂ, ਕਿ ਉਹ ਅੱਜ ਰਾਤ, ਉਹ ਅਨੁਭਵ ਪ੍ਰਾਪਤ ਕਰਨ। ਅਤੇ ਉਹ ਕਦੇ ਵੀ ਆਪਣੀ ਕਲੀਸਿਯਾ ਦੀ ਯੋਗਤਾ ਤੇ, ਕਿਸੇ ਵੀ ਚਰਚ, ਕਿਸੇ ਵੀ ਸੰਪਰਦਾ ਨਾਲ ਆਪਣੇ ਸੰਬੰਧਾਂ ਤੇ ਆਰਾਮ ਨਾ ਕਰਨ; ਜਾਂ ਨਾ ਹੀ ਉਨ੍ਹਾਂ ਦੀਆਂ ਭਾਵਨਾਵਾਂ ਤੇ, ਕਿਸੇ ਸ਼ਾਨਦਾਰ ਚੀਜ ਤੇ, ਜਿਵੇਂ ਭਾਵਨਾਤਮਕ ਤੌਰ ਤੇ, ਜੋ ਕੁਝ ਵਾਪਰਿਆ ਹੈ; ਕੀ ਉਹ ਚੀਕ ਸਕਦੇ ਹਨ, ਗੈਰ ਭਾਸ਼ਾ ਵਿੱਚ ਬੋਲ ਸਕਦੇ ਹਨ, ਜਾਂ ਕੁਝ ਹੋਰ।

488 ਹੇ ਅਨੰਤ ਪਰਮੇਸ਼ੁਰ, ਉਹਨਾਂ ਨੂੰ ਇਸ ਉੱਤੇ ਸਵਰਗ ਵਿੱਚ ਜਾਣ ਲਈ ਭਰੋਸਾ ਕਰਨ ਦੀ ਕੋਸ਼ਿਸ਼ ਨਾ ਕਰਨ ਦਿਓ, ਕਿਉਂਕਿ ਅਸੀਂ ਇਸਨੂੰ ਕਈ ਵਾਰ ਬੁਰੀ ਤਰ੍ਹਾਂ ਅਸਫਲ ਹੁੰਦੇ ਦੇਖਿਆ ਹੈ। ਅਤੇ ਤੁਸੀਂ ਕਿਹਾ ਕਿ ਇਹ ਅਸਫਲ ਹੋ ਜਾਵੇਗਾ, "ਭਾਵੇਂ ਇਹ ਜ਼ਬਾਨਾਂ ਹੋਣ, ਇਹ ਬੰਦ ਹੋ ਜਾਣਗੀਆਂ! ਜਿੱਥੇ ਭਵਿੱਖਬਾਣੀ ਹੈ, ਇਹ ਅਲੋਪ ਹੋ ਜਾਵੇਗੀ। ਜਿੱਥੇ ਗਿਆਨ ਹੈ, ਉਹ ਅਲੋਪ ਹੋ ਜਾਵੇਗਾ। ਔਹ, ਜਿੱਥੇ ਇਹ ਸਾਰੀਆਂ ਚੀਜ਼ਾਂ ਹਨ, ਇੱਥੋਂ ਤੱਕ ਕਿ ਦਾਨ, ਚੰਗਾ ਕਰਨ ਦੇ ਚਮਤਕਾਰ, ਉਹ ਸਭ ਖਤਮ ਹੋ ਜਾਣਗੇ। ਕੇਵਲ ਉਹੀ ਦੈਵਿਕ ਪ੍ਰੇਮ ਕਾਇਮ ਰਹੇਗਾ।"

489 ਪਰਮੇਸ਼ੁਰ, ਇਹ ਉਹਨਾਂ ਦੇ ਦਿਲ ਵਿੱਚ ਪੈਦਾ ਕਰੋ, ਅਤੇ ਉਹਨਾਂ ਨੂੰ ਇਹ ਦੱਸਣ ਦਿਓ ਕਿ ਇਹ ਉਹ ਆਤਮਾ ਹੈ ਜੋ ਫਲ ਲਿਆਉਂਦਾ ਹੈ। ਇਹ ਹੁਣੇ ਕਰੋ, ਪ੍ਰਭੂ, ਜਦੋਂ ਅਸੀਂ ਤੁਹਾਡੀ ਉਡੀਕ ਕਰਦੇ ਹਾਂ, ਕਿਉਂਕਿ ਅਸੀਂ ਇਸਨੂੰ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

490 [ਟੇਪ ਤੇ ਖਾਲੀ ਥਾਂ—ਸੰਪਾ.] …ਅੱਗ ਦੇ ਗੋਲੇ ਉੱਡਦੇ ਹੋਏ, ਅਤੇ ਕੱਛੂਕੁੰਮੇ ਨੂੰ ਇਮਾਰਤ ਵਿੱਚ ਅੱਗੇ-ਪਿੱਛੇ ਜਾਂਦੇ ਵੇਖਣ ਲਈ, ਮਸੀਹ ਨੂੰ ਉਸਦੇ ਹੱਥਾਂ ਵਿੱਚ, ਅਤੇ ਉਸਦੇ ਵਿੱਚ ਕੰਡਿਆਂ ਨਾਲ ਅੰਦਰ ਆਉਂਦਾ ਵੇਖਣ ਲਈ… ਔਹ, ਕੀ ਤੁਸੀਂ ਜਾਣਦੇ ਹੋ ਕਿ ਇਹ ਮਸੀਹ ਵਿਰੋਧੀ ਦੀ ਤਿਆਰੀ ਜਾਣਦੇ ਹੋ? ਉਸ ਨੇ ਕਿਹਾ, "ਜਦੋਂ ਇਹ ਗੱਲਾਂ ਪੂਰੀਆਂ ਹੋਣ ਲੱਗ ਪੈਣ, ਤਦ ਉੱਪਰ ਵੇਖੋ, ਤੁਹਾਡਾ ਛੁਟਕਾਰਾ ਨੇੜੇ ਆ ਰਿਹਾ ਹੈ।" ਫਿਰ ਇਹੀ ਕਾਰਨ ਹੈ ਕਿ ਮੈਂ ਕਲੀਸਿਯਾ ਨੂੰ ਹਰ ਮਿੰਟ ਦਬਾਉਣ ਅਤੇ ਤੁਹਾਨੂੰ ਮਜ਼ਬੂਤ ਬਣਾਉਣਾ ਪਸੰਦ ਕਰਦਾ ਹਾਂ। ਭਾਈ ਨੇਵਿਲ ਸ਼ਾਇਦ ਹਮੇਸ਼ਾ ਸਾਡੇ ਨਾਲ ਨਾ ਰਹੇ। ਮੈਨੂੰ ਵਿਸ਼ਵਾਸ ਹੈ ਕਿ ਭਾਈ ਨੇਵਿਲ ਇੱਕ ਚੰਗਾ, ਵਧੀਆ ਇੰਜੀਲ ਦਾ ਉਸਤਾਦ ਹੈ। ਅਸੀਂ ਨਹੀਂ ਜਾਣਦੇ ਕਿ ਇਸ ਮੰਚ ਤੇ ਕੀ ਹੋਵੇਗਾ, ਅਤੇ, ਜਦੋਂ ਇਹ ਇੱਥੇ ਪਹੁੰਚਦਾ ਹੈ, "ਮੇਰੀਆਂ ਭੇਡਾਂ ਮੇਰੀ ਆਵਾਜ਼ ਨੂੰ ਜਾਣਦੀਆਂ ਹਨ।" ਉਸ ਵਚਨ ਦੇ ਨਾਲ ਰਹੋ। ਤੁਸੀਂ ਉਸ ਵਚਨ ਨੂੰ ਕਦੇ ਨਾ ਛੱਡੋ। ਤੁਸੀਂ ਇਸਦੇ ਨਾਲ ਸਹੀ ਰਹੋ। ਤੁਸੀਂ ਅਜ਼ਾਦੀ ਵਿੱਚ ਤਕੜਾਈ ਨਾਲ ਖੜੇ ਹੋ ਜਿੱਥੇ ਮਸੀਹ ਨੇ ਤੁਹਾਨੂੰ ਆਜ਼ਾਦ ਕੀਤਾ ਹੈ। ਨਾਨਾ ਪ੍ਰਕਾਰ ਦੇ ਬੰਧਨ ਦੇ ਸਾਰੇ ਜੂਲੇ ਵਿੱਚ ਨਾ ਫਸੋ। ਤਕੜਾਈ ਨਾਲ ਖੜ੍ਹੇ ਰਹੋ, ਅਤੇ ਆਜ਼ਾਦ ਖੜ੍ਹੇ ਰਹੋ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇਗਾ। ਦੁਨੀਆਂ ਵਿੱਚ ਕੁਝ ਨਹੀਂ ਜਿਸ ਤੋਂ ਅਸੀਂ ਡਰੀਏ।

491 ਤੁਸੀਂ ਹਮੇਸ਼ਾ ਹੈਰਾਨ ਹੁੰਦੇ ਹੋ। ਮੈਂ ਦੇਖਿਆ ਕਿ ਲੋਕ ਪ੍ਰਾਰਥਨਾ ਕਰਾਉਣ ਲਈ ਆਉਂਦੇ ਹਨ, ਉਹ ਲਾਈਨ ਵਿੱਚ ਜਾਣਗੇ। ਅਗਲੀ ਵਾਰ ਜਦੋਂ ਉਹ ਇੱਕ ਚੰਗਾਈ ਮੁਹਿੰਮ ਦੇਖਦੇ ਹਨ, ਉਹ *ਇਸ* ਲਾਈਨ ਵਿੱਚ ਜਾਣਗੇ, ਉਹ

*ਉਸ* ਲਾਈਨ ਵਿੱਚ ਜਾਣਗੇ। ਮੈਂ ਉਨ੍ਹਾਂ ਦੀ ਨਿੰਦਾ ਨਹੀਂ ਕਰਦਾ। ਉਹ ਰਾਹਤ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਉਹ ਗਲਤ ਰਾਹ ਜਾ ਰਹੇ ਹਨ। ਤੁਸੀਂ ਉਸ ਦੇ ਉਲਟ ਕਰ ਰਹੇ ਹੋ, ਜੋ ਪਰਮੇਸ਼ੁਰ ਨੇ ਨਾ ਕਰਨ ਲਈ ਕਿਹਾ ਹੈ। ਸਮਝੇ? ਜਦੋਂ ਤੁਸੀਂ ਕਿਰਪਾ ਦੇ ਸਿੰਘਾਸਣ ਵੱਲ ਦਲੇਰੀ ਨਾਲ ਚੱਲਦੇ ਹੋ, ਅਤੇ ਵਿਸ਼ਵਾਸ ਕਰਦੇ ਹੋ, ਕਿ, "ਤੁਸੀਂ ਮੰਗਿਆ, ਤੁਹਾਨੂੰ ਮਿਲੇਗਾ," ਇਸ ਦੇ ਨਾਲ ਬਣੇ ਰਹੋ। ਇਹ ਇਸ ਤਰ੍ਹਾਂ ਕੀਤਾ ਜਾਂਦਾ ਹੈ; ਨਾ ਕਿ ਬਸ ਮਿਸ਼ਨ ਤੋਂ ਮਿਸ਼ਨ ਭਟਕਦੇ ਰਹੋ, ਚਰਚ ਤੋਂ ਚਰਚ ਤੱਕ, ਮੁਹਿੰਮ ਤੋਂ ਮੁਹਿੰਮ ਤੱਕ।

492 ਕਿਉਂ, ਉਨ੍ਹਾਂ ਨੇ ਇਨ੍ਹਾਂ ਚੰਗਾਈ ਮੁਹਿੰਮਾਂ ਨੂੰ ਬਕਵਾਸ ਬਣਾ ਦਿੱਤਾ ਹੈ। ਯਕੀਨਨ, ਉਨ੍ਹਾਂ ਨੇ ਇਹ ਕੀਤਾ ਹੈ। ਇਹ ਇੱਕ ਅਜਿਹੀ ਥਾਂ ਬਣ ਗਿਆ ਹੈ ਜਿੱਥੇ, ਬੁੱਧੀਮਾਨ ਲੋਕ, ਉਹ ਆਲੇ-ਦੁਆਲੇ ਦੇਖਦੇ ਹਨ ਅਤੇ ਉਹ ਹੈਰਾਨ ਹੁੰਦੇ ਹਨ ਕਿ ਇਹ ਸਭ ਕੀ ਹੈ। ਉੱਥੇ, ਪਰਮੇਸ਼ੁਰ ਉਹ ਚੀਜ਼ਾਂ ਨਹੀਂ ਚਾਹੁੰਦਾ। ਚੰਗਾਈ ਇਕੱਲੀ ਮੁਹਿੰਮਾਂ ਵਿੱਚ ਹੀ ਨਹੀਂ ਹੁੰਦੀ। ਚੰਗਾਈ ਹਰ ਸਥਾਨਕ ਕਲੀਸਿਯਾ ਵਿੱਚ ਹੋਣੀ ਚਾਹੀਦੀ ਹੈ, ਇਹ ਸਾਰੇ ਦਾਨ ਕੰਮ ਕਰਦੇ ਹਨ। ਪਰ ਉਨ੍ਹਾਂ ਦਾਨਾਂ ਤੇ ਨਿਰਭਰ ਨਾ ਰਹੋ। ਦਾਨ ਵੱਲ ਕੋਈ ਧਿਆਨ ਨਾ ਦਿਓ। ਜੇ ਪਰਮੇਸ਼ੁਰ ਤੁਹਾਨੂੰ ਕਿਸੇ ਚੀਜ਼ ਲਈ ਵਰਤਣਾ ਚਾਹੁੰਦਾ ਹੈ, ਤਾਂ ਉਹ ਕਰੇਗਾ। ਪਰ, ਦਾਨ ਦੇਣ ਵਾਲੇ ਦਾ ਧਿਆਨ ਰੱਖੋ।

493 ਮਾਰਟਿਨ ਲੂਥਰ, ਇੱਕ ਵਾਰ ਪਰਾਈ ਭਾਸ਼ਾ ਵਿੱਚ ਬੋਲਣ ਤੋਂ ਬਾਅਦ, ਉਸਨੂੰ ਪੁੱਛਿਆ ਗਿਆ ਕਿ ਉਸਨੇ ਇਸਦਾ ਪ੍ਰਚਾਰ ਕਿਉਂ ਨਹੀਂ ਕੀਤਾ, ਉਸ ਨੇ ਕਿਹਾ, "ਜੇ ਮੈਂ ਉਸ ਦਾ ਪ੍ਰਚਾਰ ਕੀਤਾ, ਤਾਂ ਮੇਰੇ ਲੋਕ ਦਾਤੇ ਦੀ ਬਜਾਏ ਦਾਤ ਦੇ ਪਿੱਛੇ ਜਾਣਗੇ।" ਇਹ ਠੀਕ ਹੈ।

494 ਮੂਡੀ, ਇੱਕ ਵਾਰ, ਬੋਲਦੇ ਹੋਏ, ਅਤੇ ਸ਼ੁਰੂ ਕੀਤਾ, ਜਦੋਂ ਉਹ ਪ੍ਰੇਰਨਾ ਦੇ ਅਧੀਨ ਪ੍ਰਚਾਰ ਕਰ ਰਿਹਾ ਸੀ, ਉਸਨੇ ਪਰਾਈ ਭਾਸ਼ਾ ਵਿੱਚ ਗੱਲ ਕੀਤੀ। ਉਸ ਨੇ ਕਿਹਾ, "ਪਰਮੇਸ਼ੁਰ, ਮੈਨੂੰ ਮੂਰਖਤਾ ਭਰੇ ਸ਼ਬਦਾਂ ਲਈ ਮਾਫ਼ ਕਰੋ।" ਯਕੀਨਨ। ਸਮਝੇ? ਅਤੇ ਉਨ੍ਹਾਂ ਕੋਲ ਉਹ ਚੀਜ਼ਾਂ ਸਨ। ਅਸੀਂ ਉਨ੍ਹਾਂ ਗੱਲਾਂ ਤੇ ਵਿਸ਼ਵਾਸ ਕਰਦੇ ਹਾਂ, ਪਰ ਉਨ੍ਹਾਂ ਨੂੰ ਉਨ੍ਹਾਂ ਦੀ ਥਾਂ ਤੇ ਰੱਖਣਾ ਚਾਹੀਦਾ ਹੈ। ਅਤੇ ਉਹਨਾਂ ਨੂੰ ਸਬੂਤ ਦੇ ਤੌਰ ਤੇ ਸਥਾਪਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ।

495 ਬਾਈਬਲ ਵਿਚ ਇਕ ਚੀਜ਼ ਨਹੀਂ ਬਚੀ ਹੈ, ਜਿਵੇਂ ਕਿ "ਪਵਿੱਤਰ ਆਤਮਾ ਦਾ ਸਬੂਤ," ਪਰ ਕੇਵਲ ਆਤਮਾ ਦੇ ਫਲ। ਕਿਸੇ ਵੀ ਜਗ੍ਹਾ ਦਾ ਪਤਾ ਲਗਾਓ ਜਿੱਥੇ ਯਿਸੂ ਨੇ ਅਜਿਹਾ ਕਿਹਾ ਸੀ। ਹਾਂ, ਸ਼੍ਰੀਮਾਨ। ਪਵਿੱਤਰ ਆਤਮਾ ਦਾ ਸਬੂਤ ਤੁਹਾਡੀ ਆਤਮਾ ਦਾ ਫਲ ਹੈ। ਯਿਸੂ ਨੇ ਕਿਹਾ, "ਉਨ੍ਹਾਂ ਦੇ ਫਲਾਂ ਦੁਆਰਾ ਤੁਸੀਂ ਉਨ੍ਹਾਂ ਨੂੰ ਪਛਾਣੋਗੇ।" "ਅਤੇ ਆਤਮਾ ਦੇ ਫਲ ਪਿਆਰ, ਅਨੰਦ, ਸ਼ਾਂਤੀ,

ਧੀਰਜ, ਭਲਿਆਈ, ਸ਼ਾਂਤੀ, ਕੋਮਲਤਾ, ਹਲੀਮੀ ਹਨ। ਅਤੇ ਦੁਸ਼ਮਣ ਦੇ ਫਲ ਹਨ ਵੈਰ, ਨਫ਼ਰਤ, ਖੁਣਸ, ਝਗੜਾ, ਆਦਿ; ਇਹ ਦੁਸ਼ਮਣ ਦੇ ਫਲ ਹਨ।" ਇਸ ਲਈ, ਤੁਸੀਂ ਉਸ ਤਰੀਕੇ ਤੋਂ ਨਿਆਂ ਕਰ ਸਕਦੇ ਹੋ ਜਿਸ ਤਰ੍ਹਾਂ ਤੁਸੀਂ ਜੀ ਰਹੇ ਹੋ, ਜਿੱਥੇ ਤੁਸੀਂ ਪਰਮੇਸ਼ੁਰ ਦੇ ਨਾਲ ਖੜ੍ਹੇ ਹੋ। ਜੇਕਰ ਤੁਹਾਡਾ ਪੂਰਾ ਦਿਲ ਉਸ ਨਾਲ ਪਿਆਰ ਕਰਦਾ ਹੈ, ਅਤੇ ਤੁਸੀਂ ਉਸ ਨੂੰ ਪਿਆਰ ਕਰਦੇ ਹੋ ਅਤੇ ਹਲੀਮ ਹੋ, ਅਤੇ ਰੋਜ਼ਾਨਾ ਉਸ ਦੇ ਨਾਲ ਰਹਿੰਦੇ ਹੋ, ਤੁਸੀਂ ਜਾਣਦੇ ਹੋ ਕਿ ਤੁਸੀਂ ਮੌਤ ਤੋਂ ਪਾਰ ਜੀਵਨ ਵਿੱਚ ਚਲੇ ਗਏ ਹੋ। ਜੇ ਇਸ ਤਰ੍ਹਾਂ ਨਹੀਂ ਹੈ, ਅਤੇ ਤੁਸੀਂ ਕਿਸੇ ਹੋਰ ਤਰ੍ਹਾਂ ਦੇ ਹੋ, ਤਾਂ ਤੁਸੀਂ ਸਿਰਫ਼ ਇੱਕ ਮਸੀਹੀ ਹੋਣ ਦੀ ਨਕਲ ਕਰ ਰਹੇ ਹੋ। ਇਹ ਠੀਕ ਹੈ। ਜਿਸ ਨਾਲ, ਸਾਰੇ ਸਰੀਰਕ ਰੂਪਾਂ ਦਾ ਪਰਦਾਫਾਸ਼ ਜ਼ਰੂਰ ਕੀਤਾ ਜਾਵੇਗਾ। ਸਾਨੂੰ ਇਹ ਪਤਾ ਹੈ।

496 ਇਸ ਲਈ, ਇਸ ਤਰ੍ਹਾਂ ਦੀ ਜ਼ਿੰਦਗੀ ਨਾ ਜੀਓ, ਤੁਹਾਨੂੰ ਅਜਿਹਾ ਕਰਨ ਦੀ ਲੋੜ ਨਹੀਂ ਹੈ। ਤੁਸੀਂ ਇੱਕ ਬਦਲ ਕਿਉਂ ਸਵੀਕਾਰ ਕਰੋਗੇ, ਜਦੋਂ ਉੱਪਰ ਸਾਰਾ ਅਸਮਾਨ ਚੰਗੇ ਅਤੇ ਅਸਲ ਨਾਲ ਭਰਿਆ ਹੋਇਆ ਹੈ? ਯਕੀਨਨ। ਮੈਨੂੰ ਪਰਮੇਸ਼ੁਰ ਨੂੰ ਲੈਣ ਦਿਓ, ਮੈਂ ਇਹੀ ਚਾਹੁੰਦਾ ਹਾਂ। ਆਮੀਨ।

497 ਹੁਣ, ਕੀ ਕੋਈ ਪ੍ਰਾਰਥਨਾ ਕਰਾਉਣ ਲਈ ਆਇਆ ਹੈ? ਜੇ ਤੁਸੀਂ ਆਏ ਹੋ, ਤਾਂ ਆਪਣਾ ਹੱਥ ਉਠਾਓ। ਸਾਡੇ ਕੋਲ ਅੱਜ ਸਵੇਰੇ ਚੰਗਾਈ ਸਭਾ ਸੀ। ਮੈਨੂੰ ਫਿਰ ਲੱਗਦਾ ਹੈ...ਇਹ ਔਰਤ ਇੱਥੇ ਹੈ? ਠੀਕ ਹੈ, ਭੈਣ, ਕੀ ਤੁਸੀਂ ਅੱਗੇ ਆਓਗੇ? ਅਤੇ ਸਾਡੇ ਭਾਈ, ਬਜ਼ੁਰਗ, ਇੱਥੇ, ਹੁਣ ਮਸਹ ਕਰਨ ਲਈ ਆਓ। [ਟੇਪ ਉੱਤੇ ਖਾਲੀ ਥਾਂ—ਸੰਪਾ.]

...ਮੇਰੇ ਤੇ ਚਮਕ;
ਔਹ, ਮੇਰੇ ਉੱਤੇ ਚਮਕੋ, ਪ੍ਰਭੂ, ਮੇਰੇ ਉੱਤੇ ਚਮਕੋ,
ਰੋਸ਼ਨ ਮੁਨਾਰੇ ਤੋਂ ਰੋਸ਼ਨੀ ਮੇਰੇ ਉੱਤੇ ਚਮਕਣ ਦਿਓ।

498 ਕੀ ਉਹ ਸ਼ਾਨਦਾਰ ਨਹੀਂ ਹੈ? ਆਓ ਹੁਣ ਚੁੱਪਚਾਪ ਹੋ ਕੇ, ਆਪਣੇ ਸਿਰ ਝੁਕਾ ਦੇਈਏ। ਅਤੇ, *ਮੇਰੇ ਤੇ ਚਮਕੋ*, ਦੁਬਾਰਾ। ਹੁਣ, ਹੁਣ ਆਓ, ਹਰ ਕੋਈ, ਉਹ, "ਚਮਕ..." ਬੱਸ ਹੁਣ ਆਪਣੀ ਆਤਮਾ ਵਿੱਚ ਉਸਦੀ ਅਰਾਧਨਾ ਕਰੋ, ਵੇਖੋ, ਸ਼ਾਂਤ ਹੋ ਰਿਹਾ ਹੈ। ਚੰਗਾਈ ਸਭਾ ਆ ਰਹੀ ਹੈ। ਸੰਦੇਸ਼ ਖਤਮ ਹੋ ਗਿਆ ਹੈ। ਆਓ ਅਰਾਧਨਾ ਕਰੀਏ।

ਰੋਸ਼ਨ ਮੁਨਾਰੇ ਤੋਂ ਰੋਸ਼ਨੀ ਮੇਰੇ ਉੱਤੇ ਚਮਕਣ ਦਿਓ;
ਔਹ, ਮੇਰੇ ਉੱਤੇ ਚਮਕੋ, ਪ੍ਰਭੂ, ਮੇਰੇ ਉੱਤੇ ਚਮਕੋ।
ਰੋਸ਼ਨ ਮੁਨਾਰੇ ਤੋਂ ਰੋਸ਼ਨੀ ਮੇਰੇ ਉੱਤੇ ਚਮਕਣ ਦਿਓ।

ਬਸ ਯਿਸੂ ਵਰਗਾ ਬਣਨ ਲਈ, ਯਿਸੂ ਵਰਗਾ ਬਣਨ
ਲਈ, (ਔਹ!)
ਧਰਤੀ ਉੱਤੇ ਮੈਂ ਉਸ ਵਰਗਾ ਬਣਨਾ ਚਾਹੁੰਦਾ ਹਾਂ;
ਧਰਤੀ ਤੋਂ ਮਹਿਮਾ ਤੱਕ ਜੀਵਨ ਦੇ ਸਾਰੇ ਸਫ਼ਰ ਦੌਰਾਨ,
ਮੈਂ ਸਿਰਫ਼ ਉਸ ਵਰਗਾ ਬਣਨਾ ਚਾਹੁੰਦਾ ਹਾਂ।

ਅਸੀਂ ਉਜਾਲੇ ਵਿੱਚ ਚਲਾਂਗੇ, ਬਹੁਤ ਹੀ ਸੁੰਦਰ ਉਜਾਲਾ,
ਆਉ ਜਿੱਥੇ ਰਹਿਮਤ ਦੀਆਂ ਬੂੰਦਾਂ ਚਮਕਦੀਆਂ ਹਨ;
ਸਾਡੇ ਆਲੇ ਦੁਆਲੇ ਦਿਨ ਅਤੇ ਰਾਤ, ਘੁੰਮਦੀਆਂ
ਰਹਿੰਦੀਆਂ ਹਨ,
ਯਿਸੂ, ਜਗਤ ਦਾ ਉਜਾਲਾ ਹੈ।

ਤੁਸੀਂ ਪ੍ਰਕਾਸ਼ ਦੇ ਸਾਰੇ ਸੰਤ ਜੈਕਾਰਾ ਗਜਾਓ,
ਯਿਸੂ, ਜਗਤ ਦਾ ਚਾਨਣ,
ਫਿਰ ਸਵਰਗ ਦੀਆਂ ਘੰਟੀਆਂ ਵੱਜਣਗੀਆਂ,
ਯਿਸੂ, ਦਾ ਚਾਨਣ...

ਸਾਨੂੰ ਸਵੀਕਾਰ ਕਰੋ, ਪ੍ਰਭੂ, ਜਦ ਅਸੀਂ ਤੇਰੀ ਅਰਾਧਨਾ ਕਰਦੇ ਹਾਂ।

ਅਸੀਂ ਰੋਸ਼ਨੀ ਵਿੱਚ ਚੱਲਾਂਗੇ, ਸੁੰਦਰ ਰੌਸ਼ਨੀ,
ਆਉ ਜਿੱਥੇ ਰਹਿਮਤ ਦੀਆਂ ਬੂੰਦਾਂ ਚਮਕਦੀਆਂ ਹਨ;
ਦਿਨ ਰਾਤ ਸਾਡੇ ਆਲੇ ਦੁਆਲੇ ਚਮਕੋ,
ਯਿਸੂ ਜਗਤ ਦਾ ਚਾਨਣ।

499 ਕੀ ਤੁਸੀਂ ਬਸ ਇਸ ਨੂੰ ਬਾਹਰ ਕੱਢਣਾ ਪਸੰਦ ਨਹੀਂ ਕਰਦੇ? ਤੁਹਾਨੂੰ ਚੰਗਾ ਲੱਗਦਾ ਹੈ? ਆਪਣਾ ਹੱਥ ਉਠਾਓ, ਦੱਸੋ। ਉਨ੍ਹਾਂ ਪੁਰਾਣੇ ਜ਼ਮਾਨੇ ਦੇ ਗੀਤਾਂ, ਪੁਰਾਣੇ ਸਮੇਂ ਦੇ ਭਜਨ ਬਾਰੇ ਕੁਝ ਹੈ, ਮੈਂ ਉਹਨਾਂ ਨੂੰ ਇਹਨਾਂ ਸਾਰੇ ਨਵੇਂ ਦੁਨਿਆਵੀ ਗੀਤਾਂ ਨਾਲੋਂ, ਅਤੇ ਮਸੀਹੀ ਚਰਚਾਂ ਵਿੱਚ ਪਾਉਣਾ ਪਸੰਦ ਕਰਾਂਗਾ। ਮੈਨੂੰ ਉਹ ਪੁਰਾਣਾ ਸਮਾਂ ਪਸੰਦ ਹੈ, ਮੈਨੂੰ ਪਸੰਦ ਹੈ।

ਯਿਸੂ, ਮੈਨੂੰ ਸਲੀਬ ਦੇ ਨੇੜੇ ਰੱਖੋ, (ਮੇਰੇ!)
ਉੱਥੇ ਇੱਕ ਕੀਮਤੀ ਝਰਨਾ ਹੈ,
ਸਾਰਿਆਂ ਲਈ ਮੁਫਤ, ਇੱਕ ਚੰਗਾ ਕਰਨ ਵਾਲੀ ਧਾਰਾ,
ਕਲਵਰੀ ਝਰਨੇ ਤੋਂ ਵਹਿੰਦਾ ਹੈ।

ਸਲੀਬ ਤੇ, ਸਲੀਬ ਤੇ,
ਔਹ, ਸਦਾ ਲਈ ਮੇਰੀ ਮਹਿਮਾ ਬਣੋ;
ਜਦ ਤੀਕ ਮੇਰਾ ਉਠਾ ਲਿਆ ਗਿਆ ਪ੍ਰਾਣ ਲੱਭ ਲਵੇਗਾ
ਨਦੀ ਤੋਂ ਪਰੇ ਆਰਾਮ।

500 ਜਦੋਂ ਇਹ ਗਾਇਆ ਜਾ ਰਿਹਾ ਹੋਵੇ ਤਾਂ ਮੈਂ ਦੁਨੀਆ ਤੋਂ ਬਹੁਤ ਅਸਾਨੀ ਨਾਲ ਜਾ ਸਕਦਾ ਹਾਂ, ਕੀ ਤੁਸੀਂ ਨਹੀਂ? ਕਿੰਨਾ ਸ਼ਾਨਦਾਰ! ਕੀ ਇਹ ਸਭ ਖਤਮ ਹੋ ਗਿਆ ਹੈ? ਤੁਸੀਂ ਜਾਣਦੇ ਹੋ, ਮੈਨੂੰ ਖੁਸ਼ੀ ਹੈ ਕਿ ਮੈਂ ਇਸ ਸਭ ਦਾ ਨਿਪਟਾਰਾ ਕਰ ਲਿਆ, ਕੀ ਤੁਸੀਂ ਨਹੀਂ? ਪੁਰਾਣਾ ਹਿਸਾਬ-ਕਿਤਾਬ ਬਹੁਤ ਸਮਾਂ ਪਹਿਲਾਂ, ਹੀ ਮੁੱਕ ਗਿਆ ਹੈ। ਮੈਂ ਉਸਨੂੰ ਕਿਹਾ, "ਪ੍ਰਭੂ, ਮੈਂ ਨਦੀ ਵਿੱਚ ਕੋਈ ਮੁਸੀਬਤ ਨਹੀਂ ਚਾਹੁੰਦਾ। ਮੈਂ—ਮੈਂ ਹੁਣ ਯਕੀਨੀ ਬਣਾਉਣਾ ਚਾਹੁੰਦਾ ਹਾਂ।" ਮੈਂ ਉਸ ਨੂੰ ਜਾਣਨਾ ਚਾਹੁੰਦਾ ਹਾਂ। ਮੈਂ ਉਸ ਨੂੰ ਜਾਣਨਾ ਚਾਹੁੰਦਾ ਹਾਂ।

501 ਸਾਡੇ ਵਿੱਚੋਂ ਹਰ ਇੱਕ ਦੇ ਸਾਹਮਣੇ ਇੱਕ ਵੱਡਾ, ਹਨੇਰਾ ਟੋਆ ਹੈ। ਅਸੀਂ ਉਸ ਪਾਸੇ ਜਾ ਰਹੇ ਹਾਂ। ਹਰ ਵਾਰ ਜਦੋਂ ਸਾਡਾ ਦਿਲ ਧੜਕਦਾ ਹੈ, ਅਸੀਂ ਨੇੜੇ ਅਤੇ ਨੇੜੇ ਹੁੰਦੇ ਜਾਂਦੇ ਹਾਂ। ਪਰ ਜਦੋਂ ਮੈਂ ਉੱਥੇ ਪਹੁੰਚਦਾ ਹਾਂ, ਮੈਂ ਡਰਪੋਕ ਵਾਂਗ ਨਹੀਂ ਝੁਕਣਾ ਚਾਹੁੰਦਾ, ਮੈਂ ਆਪਣੇ ਆਪ ਨੂੰ ਉਸਦੀ ਧਾਰਮਿਕਤਾ ਦੇ ਬਸਤਰ ਵਿੱਚ ਲਪੇਟਣਾ ਚਾਹੁੰਦਾ ਹਾਂ, ਇਸ ਵਿੱਚ ਦਾਖਲ ਹੋਵਾਂਗਾ, ਇਹ ਜਾਣਦੇ ਹੋਏ, ਕਿ, "ਮੈਂ ਉਸਨੂੰ ਉਸਦੇ ਜੀ ਉੱਠਣ ਦੀ ਸ਼ਕਤੀ ਵਿੱਚ ਜਾਣਦਾ ਹਾਂ।" ਕਿ, ਜਦੋਂ ਉਹ ਪੁਕਾਰਦਾ ਹੈ, ਮੈਂ ਮੁਰਦਿਆਂ ਵਿੱਚੋਂ ਬਾਹਰ ਆਵਾਂਗਾ।

ਮੇਰਾ…

502 *ਮੇਰਾ ਵਿਸ਼ਵਾਸ ਤੇਰੇ ਵੱਲ ਵੇਖਦਾ ਹੈ*, ਚਲੋ ਹੁਣ ਇਸਨੂੰ ਗਾਈਏ।

ਮੇਰਾ ਵਿਸ਼ਵਾਸ ਤੈਨੂੰ ਵੇਖਦਾ ਹੈ,
ਤੂੰ ਕਲਵਰੀ ਦੇ ਲੇਲੇ,
ਔਹ ਦੈਵਿਕ ਮੁਕਤੀਦਾਤਾ;
ਹੁਣ ਜਦੋਂ ਮੈਂ ਪ੍ਰਾਰਥਨਾ ਕਰਦਾ ਹਾਂ ਮੇਰੀ ਸੁਣ,
ਮੇਰੇ ਸਾਰੇ ਪਾਪ ਦੂਰ ਕਰ,
ਨਾ ਹੀ ਮੈਨੂੰ ਕਦੇ ਭਟਕਣ ਦੇ
ਤੇਰੇ ਪਾਸੋਂ।

503 ਹੁਣ, ਮਹਾਨ ਗੁਰੂ, ਜਿਵੇਂ ਤੁਸੀਂ ਸਾਨੂੰ ਆਪਣੇ ਸਭ ਤੋਂ ਸ਼ਾਨਦਾਰ ਬਚਨ ਵਿੱਚ ਸਿਖਾਇਆ ਹੈ, ਸਾਡੇ ਦਿਲ ਬਸ ਕੰਬਦੇ ਹਨ, ਉਠਾਏ ਜਾਣ ਦੀ ਕਿਰਪਾ ਨਾਲ, ਇਹ ਜਾਣਨ ਲਈ ਕਿ ਅਸੀਂ ਮੌਤ ਤੋਂ ਜੀਵਨ ਵਿੱਚ ਚਲੇ ਗਏ ਹਾਂ। ਇਹ ਸਭ ਸਾਡੇ ਪ੍ਰਭੂ ਯਿਸੂ ਦੀ ਚੰਗਿਆਈ ਦੁਆਰਾ ਹੈ, ਜਿਸ ਨੇ ਸਾਨੂੰ ਬੁਲਾਇਆ,

ਅਤੇ ਸਾਨੂੰ ਆਪਣੇ ਲਹੂ ਵਿੱਚ ਧੋਤਾ ਹੈ, ਅਤੇ ਸਾਨੂੰ ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ ਪੇਸ਼ ਕੀਤਾ ਹੈ, ਨਿਰਦੋਸ਼, ਦੋਸ਼ ਰਹਿਤ, ਕਿਉਂਕਿ ਉਸਨੇ ਸਾਡੇ ਪਾਪ ਲੈ ਲਏ ਹਨ। ਸਾਡਾ ਕੋਈ ਪਾਪ ਨਹੀਂ ਹੈ। "ਪਰਮੇਸ਼ੁਰ ਨੇ ਸਾਡੇ ਸਾਰਿਆਂ ਦੀ ਬਦੀ ਉਸ ਉੱਤੇ ਰੱਖੀ, ਅਤੇ ਉਹ ਸਾਡੇ ਅਪਰਾਧਾਂ ਲਈ ਜ਼ਖਮੀ ਹੋ ਗਿਆ।" ਔਹ, ਅਸੀਂ ਉਸ ਨੂੰ, ਪਰਮੇਸ਼ੁਰ ਦੇ ਮਹਾਨ ਲੇਲੇ ਨੂੰ ਕਿੰਨਾ ਪਿਆਰ ਕਰਦੇ ਹਾਂ!

504 ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ, ਪਿਤਾ, ਕਿ ਤੁਸੀਂ ਸਾਨੂੰ ਕਥਨ, ਪ੍ਰਗਟਾਵੇ ਦਿਓ, ਜੋ ਅਸੀਂ ਦੂਜਿਆਂ ਨੂੰ ਦੱਸ ਸਕਦੇ ਹਾਂ, ਤਾਂ ਜੋ ਉਹ ਵੀ ਉਸਨੂੰ ਜਾਣ ਸਕਣ, ਅਤੇ ਉਸਨੂੰ ਪਿਆਰ ਕਰਨ, ਕਿਉਂਕਿ ਉਹ ਉਹਨਾਂ ਨੂੰ ਪਿਆਰ ਕਰਦਾ ਹੈ। ਸਾਨੂੰ ਇਹ ਕਿਰਪਾ ਬਖਸ਼ੋ।

ਅਤੇ ਤੁਹਾਡਾ ਧੰਨਵਾਦ, ਪਿਤਾ, ਉਹਨਾਂ ਨਵਜੰਮੇ ਬੱਚਿਆਂ ਲਈ ਜੋ ਹੁਣੇ ਹੀ ਪਰਮੇਸ਼ੁਰ ਦੇ ਰਾਜ ਵਿੱਚ ਆਏ ਹਨ। ਉਨ੍ਹਾਂ ਨੂੰ ਕਿਤੇ ਚੰਗੀ ਕਲੀਸਿਯਾ ਮਿਲ ਜਾਵੇ, ਅਤੇ ਉੱਥੇ ਤੁਹਾਡੀ ਸੇਵਾ ਕਰੋ ਜਦੋਂ ਤੱਕ ਮੌਤ ਉਨ੍ਹਾਂ ਨੂੰ ਇਸ ਪੁਰਾਣੇ ਸਰੀਰ ਦੀਆਂ ਦਰਦਾਂ ਅਤੇ ਪੀੜ੍ਹਾਂ ਤੋਂ ਮੁਕਤ ਨਹੀਂ ਕਰ ਦਿੰਦੀ, ਅਤੇ ਉਨ੍ਹਾਂ ਨੂੰ ਉਸ ਦੇ ਸਾਹਮਣੇ, ਦੋਸ਼ ਰਹਿਤ, ਨਿਰਦੋਸ਼, ਆਉਣ ਵਾਲੇ ਯੁੱਗ ਵਿੱਚ, ਸਦੀਪਕ ਜੀਵਨ ਦੇ ਨਾਲ ਪੇਸ਼ ਕਰੋ। ਕਿਉਂਕਿ ਅਸੀਂ ਇਸਨੂੰ ਉਸਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

*ਇਬਰਾਨੀਆਂ, ਅਧਿਆਏ ਛੇ 2* PUN57-0908E

(Hebrews, Chapter Six 2)

**ਇਬਰਾਨੀਆਂ ਲੜੀ ਦੀ ਕਿਤਾਬ**

ਭਾਈ ਵਿਲੀਅਮ ਮੈਰੀਅਨ ਬ੍ਰੈਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਸ਼ਾਮ, 8 ਸਤੰਬਰ, 1957 ਨੂੰ, ਜੇਫਰਸਨਵਿਲੇ, ਇੰਡੀਆਨਾ, ਯੂ.ਐਸ.ਏ. ਵਿੱਚ ਬ੍ਰੈਨਹੈਮ ਟੈਬਰਨੇਕਲ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2023 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸ਼ੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿਜ® ਵਲੋਂ ਲਖਿਤੀ ਇਜਾ਼ਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:



VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org